

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 16
July 31, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਹੈਕਰ ਨੇ ਅਮਰੀਕੀ ਬੈਂਕ ਦੇ ਦਸ ਕਰੋੜ ਗਾਹਕਾਂ ਦਾ ਡਾਟਾ ਕੀਤਾ ਚੋਰੀ

**ਵਾਸ਼ਿੰਗਟਨ (ਬਿਊਰੋ)–** ਕ੍ਰੈਡਿਟ ਕਾਰਡ ਜਾਰੀ ਕਰਨ ਵਾਲੇ ਅਮਰੀਕਾ ਦੇ ਤੀਜੇ ਸਭ ਤੋਂ ਵੱਡੇ ਬੈਂਕ ਕੈਪੀਟਲ ਵਨ ਦੇ ਗਾਹਕਾਂ ਦਾ ਡਾਟਾ ਚੋਰੀ ਹੋਣ ਦਾ ਵੱਡਾ ਮਾਮਲਾ ਸਾਹਮਣੇ ਆਇਆ ਹੈ। ਇਕ ਮਹਿਲਾ ਸਾਫਟਵੇਅਰ ਇੰਜੀਨੀਅਰ ਨੇ ਬੈਂਕ ਦਾ ਸਰਵਰ ਹੈਕ ਕਰ ਕੇ 10 ਕਰੋੜ ਤੋਂ ਜ਼ਿਆਦਾ ਗਾਹਕਾਂ ਦੇ ਨਿੱਜੀ ਡਾਟਾ 'ਚ ਸੰਨ੍ਹ ਲਗਾ ਦਿੱਤੀ। ਇਸ ਨੂੰ ਬੈਂਕਿੰਗ ਖੇਤਰ 'ਚ ਡਾਟਾ ਚੋਰੀ ਦੇ ਸਭ ਤੋਂ ਵੱਡੇ ਮਾਮਲਿਆਂ 'ਚ ਗਿਣਿਆ ਜਾ ਰਿਹਾ ਹੈ। ਡਾਟਾ ਚੋਰੀ ਨੂੰ ਅੰਜਾਮ ਦੇਣ ਵਾਲੀ ਮਹਿਲਾ ਪੇਜ ਥਾਮਸਨ (33) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਅਮਰੀਕੀ ਵਕੀਲਾਂ ਨੇ ਸੋਮਵਾਰ ਨੂੰ ਕਿਹਾ ਕਿ ਸਿਆਟਲ ਦੀ ਰਹਿਣ ਵਾਲੀ ਥਾਮਸਨ ਕੈਪੀਟਲ ਵਨ ਦੇ ਡਾਟਾਬੇਸ ਦਾ ਸੰਚਾਲਨ ਕਰਨ ਵਾਲੀ ਐਮਾਜ਼ੋਨ ਵੈੱਬ ਸਰਵਿਸਿਜ਼ ਲਈ ਕੰਮ ਕਰ ਚੁੱਕੀ ਹੈ। ਉਸਨੇ ਇਸ ਦੇ ਡਾਟਾਬੇਸ 'ਚ ਸੰਨ੍ਹਮਾਰੀ ਕਰ ਕੇ ਗਾਹਕਾਂ ਦੀ ਨਿੱਜੀ ਜਾਣਕਾਰੀ ਤਕ ਪਹੁੰਚ ਬਣਾਈ। ਕੈਪੀਟਲ ਵਨ ਮੁਤਾਬਕ, ਥਾਮਸਨ ਨੇ ਇਕ ਲੱਖ 40 ਹਜ਼ਾਰ ਸੋਸ਼ਲ ਸਕਿਓਰਿਟੀ ਨੰਬਰ ਅਤੇ 80 ਹਜ਼ਾਰ ਬੈਂਕ ਅਕਾਊਂਟ ਨੰਬਰਾਂ ਦੀ ਚੋਰੀ ਕੀਤੀ। ਇਸ ਤੋਂ ਇਲਾਵਾ ਕ੍ਰੈਡਿਟ ਕਾਰਡ ਲਈ ਆਈਆਂ ਕਰੋੜਾਂ ਅਰਜ਼ੀਆਂ ਦੀ ਵੀ ਚੋਰੀ ਹੋਈ। ਇਹ ਅਰਜ਼ੀਆਂ 2005 ਤੋਂ 2019 ਤਕ ਦਾਖ਼ਲ ਕੀਤੀਆਂ ਗਈਆਂ ਸਨ। ਬੈਂਕ ਨੇ ਹਾਲਾਂਕਿ ਕਿਹਾ, 'ਸਾਡਾ ਮੰਨਣਾ ਹੈ ਕਿ ਜਾਣਕਾਰੀ ਦਾ ਇਸਤੇਮਾਲ ਧੋਖਾਧੜੀ ਲਈ ਨਹੀਂ ਕੀਤਾ ਗਿਆ। ਇਸ ਦਾ ਪ੍ਰਸਾਰ ਕੀਤੇ ਜਾਣ ਦੀ ਵੀ ਸੰਭਾਵਨਾ ਘੱਟ ਹੈ।' ਕੈਪੀਟਲ ਵਨ ਨੇ ਇਹ ਵੀ ਕਿਹਾ ਕਿ ਡਾਟਾ ਚੋਰੀ ਨਾਲ ਉਸ ਨੂੰ 15 ਕਰੋੜ ਡਾਲਰ (ਕਰੀਬ ਇਕ ਹਜ਼ਾਰ ਕਰੋੜ ਰੁਪਏ) ਦਾ ਨੁਕਸਾਨ ਹੋਵੇਗਾ।



**ਇਸ ਤਰ੍ਹਾਂ ਹੋਈ ਹੈਕਰ ਦੀ ਪਛਾਣ**

ਵਕੀਲਾਂ ਮੁਤਾਬਕ, ਔਰਤ ਦੀ ਪਛਾਣ ਉਦੋਂ ਹੋਈ ਜਦੋਂ ਉਸਨੇ ਸੋਸ਼ਲ ਮੀਡੀਆ 'ਤੇ ਇਕ ਬਿੱਲ ਦਾ ਫੋਟੋ ਪੋਸਟ ਕੀਤਾ। ਉਸਨੂੰ ਇਹ ਬਿੱਲ ਆਪਣੇ ਪਾਲਤੂ ਜਾਨਵਰਾਂ ਦੀ ਦੇਖਭਾਲ ਕਰਨ ਵਾਲੇ ਇਕ ਪਸ਼ੂ ਡਾਕਟਰ ਵੱਲੋਂ ਮਿਲਿਆ ਸੀ। ਉਸਨੂੰ ਆਪਣੇ ਅਪਰਾਧ ਲਈ ਕੋਈ ਪਛਤਾਵਾ ਨਹੀਂ ਹੈ।

**ਡਾਟਾ ਤਕ**
**ਇਸ ਤਰ੍ਹਾਂ ਬਣਾਈ ਪਹੁੰਚ**

ਡਾਟਾ ਚੋਰੀ ਦੀ ਜਾਂਚ ਕਰਨ ਵਾਲੇ ਐੱਫਬੀਆਈ ਦੇ ਅਧਿਕਾਰੀ ਨੇ ਕਿਹਾ ਕਿ ਇਹ ਸਭ ਕੁਝ ਇਕ ਵੈੱਬ ਐਪਲੀਕੇਸ਼ਨ ਦੇ ਫਾਇਰਵਾਲ ਦੇ ਕਾਂਫਿਗ੍ਰੇਸ਼ਨ 'ਚ ਆਈ ਗੜਬੜੀ ਕਾਰਨ ਹੋਇਆ। ਇਸੇ ਨਾਲ ਥਾਮਸਨ ਸੰਵੇਦਨਸ਼ੀਲ ਡਾਟਾ ਤਕ ਪਹੁੰਚ ਬਣਾਉਣ 'ਚ ਸਫਲ ਹੋਈ। ਐਮਾਜ਼ੋਨ ਨੇ ਕਿਹਾ ਕਿ ਗਾਹਕ ਆਪਣੇ ਐਪਲੀਕੇਸ਼ਨ ਨੂੰ ਪੂਰੀ ਤਰ੍ਹਾਂ ਕੰਟਰੋਲ ਕਰਦੇ ਹਨ। ਜਦਕਿ ਕੈਪੀਟਲ ਵਨ ਨੇ ਕਿਹਾ ਕਿ ਕਾਂਫਿਗ੍ਰੇਸ਼ਨ ਦੀ ਗੜਬੜੀ ਨੂੰ ਦੂਰ ਕਰ ਲਿਆ ਗਿਆ ਹੈ।



ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਇਕ ਜਥਾ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਦਰਸ਼ਨਾਂ ਲਈ ਗਿਆ। ਨਨਕਾਣਾ ਸਾਹਿਬ ਵਿਖੇ ਲਈ ਗਈ ਜਥੇ ਦੀ ਇਕ ਤਸਵੀਰ **(ਤਸਵੀਰ ਬਾਬਰ ਜਲੰਧਰੀ)**



ਸ਼ਹੀਦੇ ਆਜਮ ਸ. ਊਧਮ ਸਿੰਘ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਅਦਾਰਾ 'ਦੇਸ਼ ਦੁਆਬਾ' ਦਿਲੀ ਪ੍ਰਣਾਮ ਕਰਦਾ ਹੈ। ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ **ਲੇਖ ਦੇਖੋ ਸਫਾ 18 'ਤੇ)**

# ਤਿੰਨ ਤਲਾਕ ਦਾ ਬਿਲ ਦੋਵੇਂ ਸਦਨਾਂ ਵਿਚ ਪਾਸ ਹੋਇਆ

**ਨਵੀਂ ਦਿੱਲੀ (ਬਿਊਰੋ)–** ਮੁਸਲਿਮ ਔਰਤਾਂ ਅਤੇ ਮੋਦੀ ਸਰਕਾਰ ਦੋਵਾਂ ਲਈ ਮੰਗਲਵਾਰ ਦਾ ਦਿਨ ਇਤਿਹਾਸਕ ਸੀ। ਇਸ ਦਾ ਕਾਰਨ ਤਿੰਨ ਤਲਾਕ ਬਿੱਲ ਰਾਜ ਸਭਾ 'ਚ ਪਾਸ ਹੋਣਾ। ਮੁਸਲਿਮ ਔਰਤਾਂ ਨੂੰ ਸਦੀਆਂ ਤੋਂ ਚੱਲ ਰਹੀ ਇਸ ਕੁਪ੍ਰਥਾ ਤੋਂ ਆਜ਼ਾਦੀ ਮਿਲ ਗਈ, ਤਾਂ ਉੱਥੇ ਉਮੀਦ ਇਸ ਲਈ ਵਧ ਗਈ ਹੈ ਕਿਉਂਕਿ ਹੁਣ ਇਹ ਔਰਤਾਂ ਇਸ ਉਡੀਕ 'ਚ ਹਨ ਕਿ ਤਿੰਨ ਤਲਾਕ ਤੋਂ ਬਾਅਦ ਹੁਣ ਨਿਕਾਹ ਹਲਾਲਾ ਅਤੇ ਬਹੁ-ਵਿਆਹ ਵਰਗੀ ਕੁਪ੍ਰਥਾ ਕਦੋਂ ਖਤਮ ਹੋਵੇ।

ਮੋਦੀ ਸਰਕਾਰ ਇਨ੍ਹਾਂ ਦੋ ਕੁਪ੍ਰਥਾਵਾਂ ਨੂੰ ਲੈ ਕੇ ਵੀ ਗੰਭੀਰ ਹੈ। ਚੋਣਾਂ ਤੋਂ ਪਹਿਲਾਂ ਆਪਣੇ ਸੰਕਲਪ ਪੱਤਰ 'ਚ ਤਿੰਨ ਤਲਾਕ, ਨਿਕਾਹ ਹਲਾਲਾ ਵਰਗੀਆਂ ਕੁਪ੍ਰਥਾਵਾਂ 'ਤੇ ਰੋਕ ਲਗਾਉਣ ਲਈ ਕਾਨੂੰਨ ਪਾਸ ਕਰਨ ਦਾ ਸੰਕਲਪ ਪ੍ਰਗਟ ਸੀ। ਅਜਿਹੇ 'ਚ ਹੁਣ ਉਸ ਕੋਲ ਪਾਸ ਤਿੰਨ ਤਲਾਕ 'ਤੇ ਰੋਕ ਲਗਾਉਣ ਤੋਂ ਬਾਅਦ ਉਸ ਦੀ ਨਿਗ੍ਹਾ ਨਿਕਾਹ ਹਲਾਲਾ ਅਤੇ ਬਹੁ-ਵਿਆਹ 'ਤੇ ਹੋਵੇਗੀ। ਜ਼ਿਕਰਯੋਗ ਹੈ ਕਿ ਦੋਵੇਂ ਮੁੱਦਿਆਂ 'ਤੇ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ ਕੀਤੀ ਗਈ ਹੈ। 12 ਜੁਲਾਈ ਨੂੰ ਦੋਵੇਂ ਮਾਮਲਿਆਂ ਖ਼ਿਲਾਫ਼ ਦਾਇਰ ਪਟੀਸ਼ਨਾਂ 'ਤੇ ਜਲਦ ਸੁਣਵਾਈ ਤੋਂ ਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ ਸੀ। ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਨੇ ਇਸ ਦੌਰਾਨ ਚੀਫ਼ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਦੇ ਸਾਹਮਣੇ ਮਾਮਲੇ ਦਾ ਉਲੇਖ ਕਰਦੇ ਹੋਏ ਜਲਦ ਸੁਣਵਾਈ ਦੀ ਅਪੀਲ ਕੀਤੀ ਸੀ, ਪਰ ਬੈਂਚ ਨੇ ਇਸ ਅਪੀਲ ਨੂੰ ਠੁਕਰਾ ਦਿੱਤਾ ਸੀ। ਬੈਂਚ ਨੇ ਕਿਹਾ ਕਿ ਉਹ ਸੰਵਿਧਾਨ ਬੈਂਚ ਦਾ ਜਲਦ ਗਠਨ ਕਰਨ ਦੀ ਸਥਿਤੀ 'ਚ ਨਹੀਂ ਹਨ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਕੇਂਦਰ ਸਰਕਾਰ ਨੂੰ ਪਹਿਲਾਂ ਹੀ ਨੋਟਿਸ ਜਾਰੀ ਕੀਤਾ ਜਾ ਚੁੱਕਿਆ ਹੈ। ਪਿਛਲੇ ਸਾਲ ਜੁਲਾਈ 'ਚ ਇਸ ਮਾਮਲੇ ਨੂੰ ਵੱਡੀ ਬੈਂਚ ਕੋਲ ਭੇਜ ਦਿੱਤਾ ਗਿਆ ਸੀ।







ਸਵਰਗੀ ਸ੍ਰੀ ਲਾਹੌਰੀ ਰਾਮ (ਕਮਿਸ਼ਨਰ) ਅਤੇ ਸਵਰਗੀ ਜਗਦੀਸ਼ ਕੌਰ ਰਾਮ ਦੀ ਯਾਦ ਵਿਚ ਪਿਕਨਿਕ 4 ਅਗਸਤ ਨੂੰ **(ਹੋਰ ਜਾਣਕਾਰੀ ਲਈ ਦੇਖੋ ਸਫਾ 3)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823
Sandeep Jony Bagga



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਸਵਰਗੀ ਜਗਦੀਸ਼ ਕੌਰ ਰਾਮ ਅਤੇ ਸਵਰਗੀ ਸ੍ਰੀ ਲਾਹੌਰੀ ਰਾਮ (ਕਮਿਸ਼ਨਰ) ਦੀ ਯਾਦ ਵਿਚ ਪਿਕਨਿਕ 4 ਅਗਸਤ ਨੂੰ

**ਕੈਲੇਫੋਰਨੀਆ-** ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਅਤੇ ਉਹਨਾਂ ਦੀ ਸਪੁੱਤਰੀ ਸਵਰਗੀ ਜਗਦੀਸ਼ ਕੌਰ ਰਾਮ ਦੀ ਮਿੱਠੀ





ਯਾਦ ਆਈ. ਵੀ. ਏ. ਸੀ. ਸੀ. ਅਤੇ ਰਾਮ ਪਰਿਵਾਰ ਵੱਲੋਂ ਪਿਕਲਿਕ ਆਯੋਜਿਤ ਕੀਤੀ ਜਾ ਰਹੀ ਹੈ। ਪਿਕਨਿਕ ਦਾ ਸਥਾਨ ਐਲਕ ਗਰੋਵ ਪਾਰਕ 99550 ਐਲਕ ਗਰੋਵ-ਫਲੋਰਿਨ ਰੋਡ, ਸੈਕਸ਼ਨ ਸੀ. ਐਲਕ ਗਰੋਵ (ਕੈਲੇਫੋਰਨੀਆ) ਹੋਵੇਗਾ। ਪਿਕਨਿਕ ਸਵੇਰੇ 10 ਵਜੇ ਆਰੰਭ ਹੋ ਕੇ ਸ਼ਾਮੀ 6:30 ਵਜੇ ਤੱਕ ਚੱਲੇਗੀ ਅਤੇ ਦਾਖਲਾ ਬਿਲਕੁਲ ਮੁਫਤ ਹੋਵੇਗਾ। ਇਸ ਪਿ-ਕਨਿਕ ਵਿਚ ਡੀ. ਜੇ., ਸਾਰੀਆਂ ਉਮਰਾਂ ਦੇ ਲੋਕਾਂ ਲਈ ਖੇਡਾਂ, ਸੰਗੀਤ ਮੁਕਾਬਲਾ, ਤਾਸ਼ ਦੀ ਖੇਡ ਦਾ ਮੁਕਾਬਲਾ, ਜੰਪ ਹਾਊਸ, ਵਾਲੀਬਾਲ, ਮਿਊਜ਼ਿਕ, ਸੌਕਰ ਜੂਨੀਅਰ ਅਤੇ ਜੰਪ ਹਾਊਸ (ਬੱਚਿਆਂ ਲਈ) ਦੇ ਮੁਕਾਬਲੇ ਹੋਣਗੇ। ਬਾਅਦ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਛੋਲੇ-ਭਟੂਰਿਆਂ ਦਾ ਲੰਗਰ ਲਗਾਇਆ ਜਾਵੇਗਾ। ਇਸ ਮੌਕੇ ਐਲਕ ਗਰੋਵ ਦੇ ਮੇਅਰ ਸਵੀਟ ਲੀ ਵੱਲੋਂ ਕਮਿਸ਼ਨਰ ਲਾਹੌਰੀ ਰਾਮ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਜਾਵੇਗਾ। ਪਿਕਨਿਕ ਬਾਰੇ ਹੋਰ ਜਾਣਕਾਰੀ ਲਈ ਪਵਿੱਤਰ ਨਾਹਲ 916 601 8885, ਅਮਰਜੀਤ ਬੇਦੀ 209 368 0415, ਦਲਜੀਤ ਸਿੰਘ ਸੰਧੂ 916 370 1554, ਲਖਵਿੰਦਰ ਕੌਰ 916 916 627 8297 ਜਾਂ ਸੁਖਚੈਨ ਸਿੰਘ 916-802-5776 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਦੇਵ ਘੋਲੀਏ ਨੇ 1971 ਦੀ ਲੜਾਈ ਵਿਚ ਭਾਰਤ ਵੱਲੋਂ ਕਰਤਾਰਪੁਰ ਸਾਹਿਬ ਵਿਖੇ ਦਾਗੀ ਗਈ ਮਿਜ਼ਾਇਲ ਦੇ ਕੀਤੇ ਖੁਲਾਸੇ

ਫਰਿਜ਼ਨੋ- ਫਰਿਜ਼ਨੋ ਤੋਂ ਮਿਲੀ ਸੂਚਨਾ ਅਨੁਸਾਰ ਪਾਕਿਸਤਾਨ ਦੇ ਦੌਰੇ ਤੋਂ ਵਾਪਸ ਪਰਤੇ ਦੇਵ ਘੋਲੀਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰੂ ਘਰ ਕਰਤਾਰਪੁਰ ਸਾਹਿਬ ਵਿਖੇ ਮਿਜ਼ਾਇਲ ਬਾਰੇ ਹੈਰਾਨੀਜਨਕ ਨਤੀਜਾ ਸਾਹਮਣੇ ਆਇਆ ਇਹ 1971 ਦੀ ਲੜਾਈ ਵੇਲੇ ਪਠਾਨਕੋਟ ਏਅਰ ਬੇਸ ਤੋਂ 11 ਦਸੰਬਰ ਦੀ ਰਾਤ ਨੂੰ ਠੀਕ 10 ਵਜੇ ਕੀਤੇ ਗਏ ਹਮਲਿਆਂ ਵਿਚ ਗੁਰੂ ਘਰ ਨੂੰ ਨਿਸ਼ਾਨਾ ਬਣਾਇਆ ਗਿਆ। ਦੇਵ ਨੇ ਗੁਰੂ ਘਰ ਦੇ ਆਸ-ਪਾਸ ਦ ਪਿੰਡਾਂ ਦਾ ਦੌਰਾ ਕਰਨ ਤੋਂ ਬਾਅਦ ਪਾਇਆ ਕਿ ਮਿਜ਼ਾਇਲਾਂ ਥੋੜ੍ਹਾ ਬਹੁਤ ਪਿੰਡਾਂ ਦਾ ਨੁਕਸਾਨ ਕੀਤਾ ਪਰ ਗੁਰੂ





ਘਰ ਵਿਚ ਡਿੱਗੀ ਮਿਜ਼ਾਇਲ ਜੋ ਖੂ ਹਦੇ ਐਨ ਇਕ ਫੁੱਟ ਦੇ ਫਾਸਲੇ 'ਤੇ ਡਿੱਗੀ, ਜੋ ਕਿ ਡਿੱਗਣ ਸਾਰ ਮਿਸ ਹੋ ਗਈ। ਭਾਵੇਂ ਗੁਰੂ ਘਰ 1947 ਤੋਂ ਬਾਅਦ ਬੰਦ ਪਿਆ ਸੀ ਜੋ ਕਿ 2002 ਵਿਚ ਦਰਸ਼ਨਾਂ ਲਈ ਖੁੱਲ੍ਹਿਆ। ਜਾਨੀ ਨੁਕਸਾਨ ਤਾਂ ਨਹੀਂ ਕਰ ਸਕੀ ਪਰ ਮਾਲੀ ਨੁਕਸਾਨ ਕਰਨ ਤੋਂ ਅਸਮਰੱਥ ਰਹੀ ਜੋ ਕਿ ਅੱਜ ਵੀ ਮੌਜੂਦ ਪਈ ਹੈ। ਭਾਰਤੀ ਫੌਜੀ ਅਧਿਕਾਰੀਆਂ ਨੇ ਗੁਸਤਾਖੀ ਮੁਆਫ ਕਹਿ ਕੇ ਖਹਿੜਾ ਛੁਡਾ ਲਿਆ ਸੀ ਗੁਰੂ ਮਹਾਰਾਜ ਦੀ ਆਪਾਰ ਸ਼ਕਤੀ ਦੇ ਡਰ ਕਾਰਨ ਪਾਕਿਸਤਾਨ ਨੇ ਇਨਕਾਰ ਕਰ ਦਿੱਤਾ। ਮਿਜ਼ਾਇਲ ਸੰਗਤ ਦੇ ਦਰਸ਼ਨ ਲਈ ਸ਼ੀਸ਼ੇ ਦੇ ਬਕਸੇ ਬਣਾ ਕ ਢਕ ਦਿੱਤੀ।

**- ਦੇਵ ਘੋਲੀਆ ਖੁਰਦ 559-232-7764**

# ਅਮਰੀਕੀ ਨਾਗਰਿਕਤਾ ਲੈਣੀ ਹੋ ਜਾਵੇਗੀ ਔਖੀ

## ਟਰੰਪ ਪ੍ਰਸ਼ਾਸਨ ਵੱਲੋਂ ਟੈਸਟ ਦੀ ਨਵੇਂ ਸਿਰੇ ਤੋਂ ਵਿਓਂਤਬੰਦੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਯੂ.ਐਸ ਸਿ-ਟੀਜ਼ਨਸ਼ਿੱਪ ਤੇ ਇਮੀਗ੍ਰੇਸ਼ਨ ਸਰਵਿਸਜ਼ ਨੇ ਅਮਰੀਕੀ ਨਾਗਰਿਕਤਾ ਲੈਣ ਸਬੰਧੀ ਟੈਸਟ ਦੀ ਨਵੇਂ ਸਿਰੇ ਤੋਂ ਵਿਓਂਤਬੰਦੀ ਕਰਨ ਦਾ ਐਲਾਨ ਕੀਤਾ ਹੈ ਜਿਸ ਨਾਲ ਅਮਰੀਕੀ ਨਾਗਰਿਕਤਾ ਲੈਣੀ ਔਖੀ ਹੋ ਜਾਵੇਗੀ। ਅਮਰੀਕੀ ਨਾਗਰਿਕਤਾ ਲੈਣ ਲਈ ਇਹ ਟੈਸਟ ਪਾਸ ਕਰਨਾ ਲਾਜਮੀ ਹੋਵੇਗਾ। ਦਸੰਬਰ 2020 ਜਾਂ 2021 ਦੇ ਸ਼ੁਰੂ ਵਿਚ ਟੈਸਟ ਲਾਗੂ ਕਰਨ ਤੋਂ ਪਹਿਲਾਂ ਇਸ ਦਾ ਵੱਡੀ ਪੱਧਰ 'ਤੇ ਅਧਿਅਨ ਕੀਤਾ ਜਾਵੇਗਾ। ਇਸ ਦੀਆਂ ਬਰੀਕੀਆਂ ਨੂੰ ਚੰਗੀ ਤਰਾਂ ਘੋਖਿਆ ਜਾਵੇਗਾ। ਪ੍ਰਵਾਸੀ ਅਧਿ-ਕਾਰਾਂ ਸਬੰਧੀ ਕਾਰਕੁੰਨਾਂ ਨੇ ਇਸ ਉਪਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਜਿਹਾ ਹੋਣ ਨਾਲ ਬਹੁਤ ਸਾਰੇ ਪ੍ਰਵਾਸੀ ਅਮਰੀਕੀ ਨਾਗਰਿਕਤਾ ਲੈਣ ਤੋਂ ਵਾਂਝੇ ਹੋ ਜਾਣਗੇ। ਏਸ਼ੀਅਨ ਪੈਸੇਫਿਕ ਪੌਲਸੀ ਐਂਡ ਪਲੈਨਿੰਗ ਕੌਂਸਲ ਦੇ ਕਾਰਜਕਾਰੀ ਡਾਇਰੈਕਟਰ ਮੰਜੂ ਕੁਲਕਰਨੀ ਨੇ ਕਿਹਾ ਹੈ ਕਿ ਬਿਨਾਂ ਸ਼ੱਕ ਟਰੰਪ ਪ੍ਰਸ਼ਾਸਨ ਲੋਕਾਂ ਲਈ ਅਮਰੀਕਾ ਆਉਣ ਤੇ ਅਮਰੀਕਾ ਆ ਕੇ ਇਥੋਂ ਦੀ ਨਾਗਰਿਕਤਾ ਲੈਣ ਦੀ ਪ੍ਰਕ੍ਰਿਆ ਨੂੰ ਸਖਤ ਕਰ ਰਿਹਾ ਹੈ। ਉਨਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਇਹ ਕਦਮ ਪ੍ਰਵਾਸੀਆਂ ਉਪਰ ਨਿਰੰਤਰ ਹਮਲਿਆਂ ਦੀ ਨੀਤੀ ਦਾ ਹੀ ਹਿੱਸਾ ਹੈ। ਕੁਲਕਰਨੀ ਨੇ ਇਸ ਸਬੰਧ ਵਿਚ ਟਰੰਪ ਵੱਲੋਂ ਕੀਤੇ ਤਾਜਾ ਟਵੀਟ ਦਾ ਵੀ ਹਵਾਲਾ ਦਿੱਤਾ ਹੈ ਜਿਨਾਂ ਵਿਚ ਉਸ ਨੇ 4 ਨਵੇਂ ਡੈਮੋਕਰੈਟਿਕ ਕਾਂਗਰਸ ਮੈਂਬਰਾਂ ਨੂੰ ਉਥੇ ਵਾਪਿਸ ਜਾਣ ਲਈ ਕਿਹਾ ਹੈ ਜਿਥੋਂ ਉਹ ਆਏ ਹਨ। ਟਰੰਪ ਨੇ ਕਿਹਾ ਹੈ ਕਿ ਉਥੇ ਉਨਾਂ ਦੀ ਵਧੇਰੇ ਲੋੜ ਹੈ। ਇਨਾਂ ਵਿਚੋਂ ਤਿੰਨ ਕਾਂਗਰਸ ਮੈਂਬਰ ਅਮਰੀਕਾ ਵਿਚ ਹੀ ਜੰਮੇ ਤੇ ਵੱਡੇ ਹੋਏ ਹਨ ਜਦ ਕਿ ਇਨਾਂ ਵਿਚੋਂ ਇਕ ਸੋਮਾਲੀਆ ਵਿਚ ਜੰਮਿਆ ਸੀ ਤੇ 12 ਸਾਲ ਦੀ ਉਮਰ ਵਿਚ ਉਹ ਅਮਰੀਕਾ ਆ ਗਿਆ ਸੀ। ਕੁਲਕਰਨੀ ਨੇ ਜੋਰ ਦੇ ਕੇ ਕਿਹਾ ਹੈ ਕਿ 'ਇਹ ਸਾਡਾ ਦੇਸ਼ ਹੈ। ਇਹ ਦਿੱਲ ਤੋੜ ਦੇਣ ਵਾਲਾ ਵਰਤਾਰਾ ਹੈ ਕਿ ਪ੍ਰਸ਼ਾਸਨ ਤੁਹਾਡੇ ਖਿਲਾਫ ਹੈ ਤੇ ਉਹ ਕਹਿ ਰਿਹਾ ਹੈ ਕਿ ਤੁਹਾਡੀ ਇਥੇ ਲੋੜ ਨਹੀਂ ਹੈ।' ਕੋਈ ਦਹਾਕੇ ਤੋਂ ਵੀ ਵਧ ਸਮੇਂ ਵਿਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਨਾਗਰਿਕਤਾ ਟੈਸਟ ਨੂੰ ਨਵੇਂ ਸਿਰੇ ਤੋਂ ਤਿਆਰ ਕੀਤਾ ਜਾ ਰਿਹਾ ਹੈ। ਇਹ ਟੈਸਟ ਪਾਸ ਕਰਨ ਲਈ ਸੰਭਾਵੀ ਸ਼ਹਿਰੀ ਨੂੰ 10 ਵਿਚੋਂ 6 ਪ੍ਰਸ਼ਨਾਂ ਦੇ ਜਵਾਬ ਦੇਣੇ ਪੈਣਗੇ। ਇਹ 10 ਸਵਾਲ ਕੁਲ 100 ਸਵਾਲਾਂ ਵਿਚੋਂ ਪੁੱਛੇ ਜਾਣਗੇ।




# ਮੋਡੈਸਟੋ, ਕੈਲੀਫ਼ੋਰਨੀਆ ਸਿੱਖ ਗੁਰਦੁਆਰੇ ਦੇ ਗ੍ਰੰਥੀਆਂ ਵਾਲੀ ਰਿਹਾਇਸ਼ 'ਚ ਅਣਪਛਾਤੇ ਲੋਕਾਂ ਵਲੋਂ ਨਸਲੀ ਹਮਲਾ, ਕਮਰੇ ਦੇ ਸ਼ੀਸ਼ੇ ਤੋੜੇ









**ਹੂਗਸਨ, ਕੈਲੀਫ਼ੋਰਨੀਆ ( ਹੁਸਨ ਲੜੋਆ ਬੰਗਾ)-** ਮੋਡੈਸਟੋ ਲਾਗੇ ਸ਼ਹਿਰ ਹੂਗਸਨ ਸਿੱਖ ਗੁਰਦੁਆਰੇ ਦੇ ਗ੍ਰੰਥੀਆਂ ਵਾਲੀ ਰਹਾਇਸ਼ ਚ ਅਣਪਛਾਤੇ ਲੋਕਾਂ ਵਲੋਂ ਨਸਲੀ ਹਮਲਾ ਕੀਤਾ ਗਿਆ, ਮਿਲੀ ਜਾਣਕਾਰੀ ਮੁਤਾਬਕ ਕੁਝ ਅਣਪਛਾਤੇ ਲੋਕਾਂ ਵਲੋਂ ਕਮਰੇ ਦਾ ਸ਼ੀਸ਼ਾ ਤੋੜ ਕੇ ਭਾਈ ਅਮਰਜੀਤ ਸਿੰਘ ਦੀ ਗਰਦਨ ਤੇ ਮੁੱਕਾ ਮਾਰਿਆ ਉਸ ਸਮੇਂ ਭਾਈ ਅਮਰਜੀਤ ਅਪਣੇ ਕਮਰੇ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ ਕਰ ਰਿਹਾ ਸੀ ਜਿਸ ਵੇਲੇ ਹਮਲਾ ਕੀਤਾ ਗਿਆ।

ਪੁਲੀਸ ਦੇ ਬੁਲਾਰੇ ਨੇ ਵੀ ਕਿਹਾ ਕਿ ਗੁਰਦੁਆਰਾ ਦੇ ਭਾਈ ਅਮਰਜੀਤ ਸਿੰਘ ਨੂੰ ਗਲੇ ਤੇ ਮਾਰਿਆ ਗਿਆ ਸੀ, ਹੈਚ ਰੋਡ' ਤੇ ਗੁਰਦੁਆਰਾ ਦੇ ਨੇੜੇ, ਹੂਗਸਨ ਸ਼ਹਿਰ ਦੇ ਸਿੱਖ ਭਾਈਚਾਰੇ ਦੇ ਲੋਕ ਇਸ ਘਟਨਾ ਤੋਂ ਉਦਾਸ ਹਨ। ਇਸ ਮੌਕੇ ਭਾਈ ਅਮਰਜੀਤ ਸਿੰਘ ਨੇ ਵੀ ਇਹੀ ਕਿਹਾ ਕਿ ਕਿਸੇ ਨੇ ਸਾਡੇ ਘਰ ਵਿਚ ਕਈ ਖਿੜਕੀਆਂ ਭੰਨ ਤੋੜ ਕੀਤੀ, ਜੋ ਕਿ ਗੁਰਦੁਆਰਾ ਦੀ ਪਾਰਕਿੰਗ ਦੇ ਪਾਰ ਹੈ. ਉਸ ਨੇ ਕਿਹਾ ਕਿ ਉਸ ਤੋਂ ਬਾਅਦ ਉਸ ਨੂੰ ਕੁੱਟਿਆ ਗਿਆ. ਹਮਲਾ ਕਰਨ ਤੋਂ ਬਾਅਦ, ਕਿਸੇ ਨੇ ਉਸ 'ਤੇ ਉੱਚੀ ਆਵਾਜ਼ ਵਿਚ ਕਿਹਾ, "ਵਾਪਸ ਜਾਓ, ਆਪਣੇ ਦੇਸ਼ ਵਾਪਸ ਜਾਓ,"। ਉਨਾਂ ਕਿਹਾ ਕਿ ਹਮਲਾ ਕਰਨ ਵਾਲੇ ਗੋਰਾ ਨਸਲ ਦੇ ਲਗਦੇ ਸਨ। ਕਾਂਗਰਸਮੈਨ ਜੋਸ਼ ਹਾਰਡਰ, ਮਡੈਸਟੋ ਨੇ ਇਕ ਬਿਆਨ ਜਾਰੀ ਕੀਤਾ ਜਿਸ 'ਤੇ ਹਮਲੇ ਦੀ ਨਿੰਦਾ ਕੀਤੀ ਗਈ। "ਮੈਂ ਇਸ ਬੁਰੇ ਸਮੇਂ ਸਿੱਖ ਭਾਈਚਾਰੇ ਵਿਚ ਆਪਣੇ ਦੋਸਤਾਂ ਨਾਲ ਖੜਾ ਹਾਂ ਤੇ ਹਰੇਕ ਅਮਰੀਕਨ ਵਿਸ਼ਵਾਸ ਨਾਲ ਤੇ ਕਿਸੇ ਦੀ ਵੀ ਪਰਵਾਹ ਕੀਤੇ ਬਿਨਾਂ - ਆਪਣੇ ਧਰਮ ਨੂੰ ਆਜ਼ਾਦੀ ਨਾਲ ਅਤੇ ਹਿੰਸਾ ਦੇ ਡਰ ਤੋਂ ਵਗੈਰ ਮੰਨ ਸਕਦਾ ਹੈ, "ਹਾਰਡਰ ਨੇ ਕਿਹਾ. "ਇਹ ਘਿਣਾਉਣਾ ਹਮਲਾ ਹੈ ਅਤੇ ਸਾਨੂੰ ਜ਼ਿੰਮੇਵਾਰ ਵਿਅਕਤੀ ਨੂੰ ਲੱਭਣਾ ਚਾਹੀਦਾ ਹੈ।

ਪਰ, ਸਟੇਨੀਸਲੌਸ ਕਾਉਂਟੀ ਸ਼ੈਰਿਫ਼ ਦੇ ਵਿਭਾਗ ਦੇ ਡਿਪਟੀਜ਼ ਨੇ ਕਿਹਾ ਕਿ ਇਸ ਨੂੰ ਨਫਰਤੀ ਅਪਰਾਧ ਮੰਨਣਾ ਜਲਦੀ ਚ ਹੋਵੇਗਾ। ਸਾਨੂੰ ਇਹ ਸਾਬਤ ਕਰਨ ਦੀ ਕੀ ਲੋੜ ਹੈ ਕਿ ਇਹ ਜੁਰਮ ਲਿੰਗ, ਨਸਲ, ਧਰਮ ਦੇ ਅਧਾਰ ਤੇ ਇੱਕ ਮੰਤਵ ਨਾਲ ਕੀਤਾ ਗਿਆ ਸੀ," ਸਾਰਜੈਂਟ. ਯੋਸ਼ੁਆ ਕਲੇਟਨ ਨੇ ਕਿਹਾ ਕਿ ਡਿਪਟੀਜ਼ ਗੁਰਦੁਆਰਾ ਦੇ ਭਾਈ ਨਾਲ ਗੱਲ ਕਰਨ ਲਈ ਉਨਾਂ ਦੇ ਘਰ ਆਏ ਸਨ।ਕਲੇਟਨ ਨੇ ਕਿਹਾ ਕਿ ਜਾਂਚਕਰਤਾ ਇਨਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ। "ਡਿਪਟੀ ਨੇ ਗੁਰਦੁਆਰਾ ਦੇ ਆਲੇ ਦੁਆਲੇ ਪੈਟਰੋਲ ਵਧਾ ਦਿੱਤੀ ਹੈ ਜਾਂਚ ਚੱਲ ਰਹੀ ਹੈ, ਸ਼ੈਰਿਫ਼ ਦੇ ਦਫਤਰ ਨੇ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ।

ਸਿੱਖ ਭਾਈਚਾਰੇ ਵਿੱਚ ਵੀ ਇਹ ਘਟਨਾ ਸਦਮੇ ਵਾਂਗ ਬਣੀ ਹੋਈ ਹੈ। ਗੁਰਦੁਆਰਾ ਸਾਹਿਬ ਦੇ ਭਾਈ ਅਮਰਜੀਤ ਸਿੰਘ ਦਾ ਸਥਾਨਕ ਸਿੱਖ ਭਾਈਚਾਰੇ ਵਿੱਚ ਰਸੂਖ ਹੋਰ ਕਰਕੇ ਵੀ ਘਟਨਾ ਚਰਚਾ ਵਿੱਚ ਹੈ।



# ਅਮਰੀਕਾ-ਪਾਕਿਸਤਾਨ ਵਿਚਾਲੇ ਸਕਰਾਤਮਕ ਸੰਬੰਧਾਂ ਦੀ ਆਸ : ਇਮਰਾਨ ਖਾਨ

**ਵਾਸ਼ਿੰਗਟਨ ਡੀ.ਸੀ. (ਰਾਜ ਗੋਗਨਾ)**— ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਆਪਣੇ ਤਿੰਨ ਦਿਨੀਂ ਅਮਰੀਕੀ ਦੌਰੇ 'ਤੇ ਹਨ। ਲੰਬੇ ਸਮੇਂ ਤੋਂ ਤਣਾਅ ਵਾਲੇ ਦੁਵੱਲੇ ਸਬੰਧਾਂ ਦੇ ਬਾਅਦ ਇਮਰਾਨ ਖਾਨ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਕਰਨ ਤੋਂ ਇਕ ਦਿਨ ਬਾਅਦ ਵਾਸ਼ਿੰਗਟਨ ਨਾਲ ਇਕ ਹੋਰ ਜ਼ਿਆਦਾ ਸਕਾਰਾਤਮਕ ਰਿਸ਼ਤਾ ਕਾਇਮ ਕਰਨ ਦੀ ਉਮੀਦ ਕਰਦੇ ਹਨ। ਸੰਯੁਕਤ ਰਾਜ ਅਮਰੀਕਾ ਦੀ ਇਕ ਬੈਠਕ ਵਿਚ ਬੋਲਦਿਆਂ ਇਮਰਾਨ ਨੇ ਕਿਹਾ ਕਿ ਗੁਆਂਢੀ ਦੇਸ਼ ਅਫ਼ਗਾਨਿਸਤਾਨ ਵਿਚ 18 ਸਾਲ ਦੇ ਯੁੱਧ ਦਾ ਸ਼ਾਂਤੀਪੂਰਨ ਹੱਲ ਲੱਭਣਾ ਆਪਸੀ ਹਿੱਤਾਂ 'ਤੇ ਆਧਾਰਤ ਹੈ। ਟਰੰਪ ਪ੍ਰਸ਼ਾਸਨ ਤਾਲਿਬਾਨ ਨਾਲ ਇਕ ਸੌਦੇ ਵਿਚ ਗੱਲ ਕਰਨ ਵਿਚ ਕਠੋਰਤਾ ਅਪਣਾ ਰਿਹਾ ਹੈ, ਜਿਸ ਨਾਲ ਹਜ਼ਾਰਾਂ ਅਮਰੀਕੀ ਸੈਨਿਕ ਅਜੇ ਵੀ ਘਰ ਨਹੀਂ ਆ ਸਕੇ। ਜੇਕਰ ਅਮਰੀਕਾ ਇਸ ਦਾ ਸਥਾਈ ਹੱਲ ਕੱਢਣਾ ਚਾਹੁੰਦਾ ਹੈ ਤਾਂ ਇਹ ਪਾਕਿਸਤਾਨ ਦੀ ਸਹਿਮਤੀ ਤੋਂ ਬਗੈਰ ਨਹੀਂ ਹੋ ਸਕਦਾ ਹੈ। ਇਸ ਲਈ ਅੱਜ ਦੀ ਮੀਟਿੰਗ ਕਾਰਗਰ ਸਾਬਤ ਹੋ ਰਹੀ ਹੈ, ਜਿਸ ਦੀ ਪਹਿਲ ਕਦਮੀ ਅਮਰੀਕਾ ਨੇ ਕੀਤੀ ਹੈ। ਮੈਂ ਬੇਹੱਦ ਖੁਸ਼ ਹਾਂ ਕਿ ਅਮਰੀਕਾ ਅਜਿਹਾ ਕਰਨ ਵਿੱਚ ਸ਼ਾਮਲ ਹੋਇਆ ਹੈ। ਅਮਰੀਕਾ ਦੀਆਂ ਸ਼ਿਕਾਇਤਾਂ ਦੇ ਬਾਵਜੂਦ ਪਾਕਿਸਤਾਨ ਨੇ ਤਾਲਿਬਾਨ ਅਤੇ ਇਸ ਦੇ ਇਲਾਕੇ ਵਿਚ ਹੋਰ ਕੱਟੜਪੰਥੀ ਇਸਲਾਮਵਾਦੀ ਅੰਦੋਲਨਾਂ ਨੂੰ ਸ਼ਾਮਲ ਕਰਨ ਲਈ ਅਤੀਤ ਵਿੱਚ ਕਾਫ਼ੀ ਕੁਝ ਨਹੀਂ ਕੀਤਾ।



ਇਮਰਾਨ ਖਾਨ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਅਤੇ ਟਰੰਪ ਨੇ ਅੱਗੇ ਵੱਧਣ ਦੇ ਰਸਤੇ 'ਤੇ ਇਹ ਇੱਕ ਬੈਠਕ ਕੀਤੀ ਹੈ।ਪ੍ਰਧਾਨ ਮੰਤਰੀ ਅਤੇ ਸਾਬਕਾ ਅੰਤਰਰਾਸ਼ਟਰੀ ਕ੍ਰਿਕੇਟ ਸਟਾਰ ਇਮਰਾਨ ਨੇ ਇਹ ਵੀ ਕਿਹਾ ਕਿ ਅਸੀਂ ਸਾਰੇ ਇਕੋ ਸਫ਼ੇ 'ਤੇ ਹਾਂ। ਅਫਗਾਨਿਸਤਾਨ ਵਿਚ ਸ਼ਾਂਤੀ ਸਿਰਫ ਗੱਲਬਾਤ ਜ਼ਰੀਏ ਸਿਆਸੀ ਹੱਲ ਰਾਹੀਂ ਕੀਤੀ ਜਾ ਸਕਦੀ ਹੈ।ਇਮਰਾਨ ਨੇ ਮੁੱਖ ਕੂਟਨੀਤਕ ਜਿੱਤ ਦਾ ਮੌਕਾ ਪੇਸ਼ ਕੀਤਾ ਜਦੋਂ ਟਰੰਪ ਨੇ ਵ੍ਹਾਈਟ ਹਾਊਸ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਕਸ਼ਮੀਰ ਦੇ ਵਿਭਾਜਨ ਖੇਤਰ ਵਿੱਚ ਪਾਕਿਸਤਾਨ ਅਤੇ ਭਾਰਤ ਵਿਚਲੇ ਲੰਬੇ ਸਮੇਂ ਤੋਂ ਚੱਲ ਰਹੇ ਝਗੜੇ ਵਿਚ ਇਕ ਵਿਚੋਲੇ ਵਜੋਂ ਸੇਵਾ ਕਰਨ ਲਈ ਤਿਆਰ ਹਨ। ਭਾਰਤ ਨੇ ਝਗੜੇ ਦੇ ਬਾਹਰ ਲੰਮੇ ਸਮੇਂ ਤੋਂ ਦਖਲ-ਅੰਦਾਜ਼ੀ ਦਾ ਵਿਰੋਧ ਕੀਤਾ ਹੈ ਅਤੇ ਨਵੀਂ ਦਿੱਲੀ ਦੇ ਸਰਕਾਰੀ ਅਧਿਕਾਰੀਆਂ ਨੇ ਟਰੰਪ ਦੇ ਦਾਅਵੇ ਤੋਂ ਇਨਕਾਰ ਕਰ ਦਿੱਤਾ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁਵੱਲੇ ਵਿਵਾਦ ਵਿੱਚ ਸ਼ਾਮਲ ਹੋਣ ਲਈ ਕਦੇ ਵੀ ਕਿਹਾ ਸੀ।ਵ੍ਹਾਈਟ ਹਾਊਸ ਦੀ ਮੀਟਿੰਗ ਦੌਰਾਨ, ਇਮਰਾਨ ਨੇ ਕਿਹਾ ਕਿ ਉਹ ਅਤੇ ਰਾਸ਼ਟਰਪਤੀ ਟਰੰਪ ਨੇ ਹੁਣ ਅਮਰੀਕਾ ਅਤੇ ਪਾਕਿਸਤਾਨ ਵਿਚਕਾਰ ਇੱਕ "ਨਜ਼ਦੀਕੀ ਰਿਸ਼ਤੇ" ਦਾ ਫੈਸਲਾ ਕੀਤਾ ਹੈ।ਜੋ ਇਹ ਯਕੀਨੀ ਬਣਾਉਂਦਾ ਹੈ ਕਿ ਦੋਵੇਂ ਮੁਲਕਾਂ ਦਰਮਿਆਨ ਕੋਈ ਸੰਚਾਰ ਦਾ ਅੰਤਰ ਨਹੀਂ ਹੈ। ਇਮਰਾਨ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦਾ ਪ੍ਰਤੀਨਿਧੀ ਮੰਡਲ ਇਸ ਗੱਲ ਤੋਂ ਖੁਸ਼ ਹਨ ਕਿ ਉਨ੍ਹਾਂ ਨੂੰ ਟਰੰਪ ਦੁਆਰਾ ਸੱਦਾ ਪ੍ਰਾਪਤ ਹੋਇਆ। ਇਸ ਸਾਰਥਕ ਮੀਟਿੰਗ ਰਾਹੀਂ ਸਭ ਕੁਝ ਠੀਕ ਹੋਣ ਵੱਲ ਦਾ ਰੁਖ਼ ਵਧਿਆ ਹੈ। ਰਾਸ਼ਟਰਪਤੀ ਟਰੰਪ ਨਾਲ ਮੀਟਿੰਗ ਕਰ ਕੇ ਸਾਨੂੰ ਅਜਿਹਾ ਪਿਆਰ ਮਿਲਿਆ ਜਿਸ ਦੀ ਅਸੀਂ ਆਸ ਕਰਦੇ ਸੀ।ਦੋਹਾਂ ਮੁਲਕਾਂ ਵਿਚਾਲੇ ਮੁਲਾਕਾਤ ਇਸ ਲਈ ਹੋਈ ਕਿਉਂਕਿ ਦੋ ਨੇਤਾਵਾਂ ਨੇ ਠੋਸ ਸੰਬੰਧਾਂ ਦੀ ਮੁਰੰਮਤ ਇਕ ਕਰਨ ਦਾ ਯਤਨ ਕੀਤਾ

# ਫਰਿਜ਼ਨੋ 'ਚ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ

## ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲਿਆਂ ਦੇ ਖੇਤਰ 'ਚ ਇਕ ਹੋਰ ਸਫਲ ਯਤਨ

**ਫਰਿਜ਼ਨੋਂ (ਕੁਲਵੀਰ ਹੇਅਰ ਫਰਜ਼ਿਨੋਂ)**– ਇੰਡੋ ਅਮੈਰਿਕਨ ਹੈਟੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਸ਼ਹੀਦੀ ਨੂੰ ਸਮਰਪਿਤ ਇਕ ਸਮਾਗਮ ਬਹੁਤ ਹੀ ਉਤਸ਼ਾਹ ਨਾਲ ਅਯੋਜਿਤ ਕੀਤਾ ਗਿਆ। ਇਸ ਵਿਚ ਇਲਾਕੇ ਦੀਆਂ ਨਾਮਵਰ ਸ਼ਖਸੀਅਤਾਂ, ਲੇਖਕਾਂ ਅਤੇ ਪੱਤਰਕਾਰਾਂ ਨੇ ਹਿੱਸਾ ਲਿਆ। ਇਸ ਕਰਵਾਏ ਗਏ ਸਮਾਗਮ ਵਿਚ ਹਰ ਸਾਲ ਦੀ ਤਰ੍ਹਾਂ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਅਯੋਜਿਤ ਕਰਵਾਏ ਗਏ ਜਿਸ ਵਿਚ ਵਿਦਿਆਰਥੀਆਂ ਦੀ ਵੱਡੀ ਗਿਣਤੀ ਅਤੇ ਜੋਸ਼ ਦੇਖ ਕੇ ਫੋਰਮ ਵਲੋਂ ਕੀਤੇ ਇਸ ਯਤਨ ਨੂੰ ਸਫਲ ਕਹਿਣਾ ਸਾਰਥਿਕ ਹੋ ਗਿਆ। ਯਾਦ ਰਹੇ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਹਰ ਸਾਲ ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦੇ ਸਮਾਗਮ ਵਿਚ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ। ਸਮਾਗਮ ਦੀ ਸ਼ੁਰੂਆਤ ਵਿਚ ਗੁਰਦੀਪ ਸਿੰਘ ਅਣਖੀ ਨੇ ਸਭਨਾਂ ਨੂੰ ਜੀ ਆਇਆਂ ਆਖਦਿਆਂ ਸ਼ੁਰੂਆਤ ਕੀਤੀ। ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਅਤੇ ਦੇਸ਼ ਦੇ ਹੋਰ ਸ਼ਹੀਦਾਂ ਨੂੰ ਖੜ੍ਹ ਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਗਾਇਕ ਰਾਜ ਬਰਾੜ ਵਲੋਂ ਇਨਕਲਾਬੀ ਗੀਤਾਂ ਰਾਹੀਂ ਹਾਜ਼ਰੀ ਲਗਵਾਈ ਗਈ। ਉਸ ਤੋਂ ਉਪਰੰਤ ਬੱਚਿਆਂ ਦੇ ਭਾਸ਼ਣ ਮੁਕਾਬਲੇ ਸ਼ੁਰੂ ਕੀਤੇ ਗਏ। ਇਨ੍ਹਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੂੰ ਵੱਖ ਵੱਖ ਵਰਗਾਂ ਵਿਚ ਵੰਡਿਆ ਗਿਆ ਸੀ।

ਗਰੁੱਪ ਏ ਵਿਚ ਐਲੀਮੈਂਟਰੀ ਸਕੂਲ ਦੇ ਬੱਚੇ ਜਿਨ੍ਹਾਂ ਵਿਚ ਸੁਕਕੀਰਤੀ ਕੁਮਾਰ, ਸਿਮਰਪ੍ਰੀਤ ਕੌਰ ਲਾਲੋਟੋ, ਨਵਵੀਰ ਸਿੰਘ ਖਟਰਾ, ਜਪਲੀਨ ਢਿੱਲੋਂ, ਬਵਲੀਨ ਕੌਰ ਸਿੱਧੂ, ਆਰੀਅਨ ਗਿੱਲ, ਵਾਰਸ ਗਿੱਲ, ਚਰਨਜੋਤ ਸਿੰਘ ਬੈਂਸ, ਜੈਵੀਰ ਸਿੰਘ, ਮਨਪ੍ਰੀਤ ਕੌਰ, ਗੁਰਜਸ ਧਾਲੀਵਾਲ, ਹਰਜਾਪ ਧਾਲੀਵਾਲ, ਗੁਰਸ਼ਾਨ ਧਾਲੀਵਾਲ, ਸਿਮਰਨ ਕੈਂਥ, ਅਰਿਤ ਕੈਂਥ, ਇਸ਼ਾਨ ਮੁਹਾਰ, ਸਚਲੀਨ ਕੌਰ, ਰੀਤ ਕੌਰ, ਅਵਲੀਨ ਧਾਲੀਵਾਲ, ਮਨਜੋਤ ਗੁਰਮ, ਰਵਨੀਤ ਕੌਰ ਨੇ ਭਾਗ ਲਿਆ।

ਗਰੁੱਪ ਬੀ (ਮਿਡਲ ਸਕੂਲ) ਮਕਾਬਲਿਆਂ ਵਿਚ ਅਵਦੀਪ ਸਿੰਘ ਬਰਾੜ, ਮਨਅਰਪਨ ਸਿੰਘ ਸਿੱਧੂ, ਗੁਰਲੀਨ ਕੌਰ ਕਲੋਟੇ, ਰਵਨੀਤ ਕੌਰ, ਗੁਰਮਨਜੋਤ ਸਿੰਘ, ਗੁਰਲੀਨ ਸਿਧੂ, ਗੁਰਸਿਮਰਨ ਸਿੰਘ ਰਠੌੜ, ਗੁਰਬਿੰਦਪਾਲ ਸਿੰਘ ਰਠੌੜ, ਕਰਨਪਾਲ ਸਿੰਘ ਪਰਮਾਰ, ਰਾਜਵੀਰ ਧਾਲੀਵਾਲ ਨੇ ਭਾਗ ਲਿਆ। ਗਰੁੱਪ ਸੀ (ਹਾਈ ਸਕੂਲ) ਵਰਗ ਦੇ ਵਿਚ ਸੁਖਦੀਪ ਕੌਰ, ਹਰਕੀਰਤ ਸ਼ੇਰਗਿੱਲ, ਜਸਪ੍ਰੀਤ ਸਿੰਘ ਸਰ੍ਹਾਂ, ਗੁਰਜੋਤ ਸਿੰਘ ਸਰਾਏ, ਸੁਖਪ੍ਰੀਤ ਕੌਰ ਰਠੌੜ ਮੁੱਖ ਮੁਕਾਬਲੇਬਾਜ਼ ਸਨ। ਗਰੁੱਪ ਡੀ (ਯੂਨੀਵਰਸਿਟੀ) ਵਰਗ ਵਿਚ ਜਸ਼ਨਪਾਲ ਮਾਂਗਟ, ਤਰਿਪਤਪਾਲ ਮਾਂਗਟ, ਹਰਨੀਤ ਕੌਰ, ਦਲਜੀਤ ਸਿੰਘ ਸਹਾਏ ਨੇ ਭਾਗ ਲਿਆ। ਗਰੁੱਪ ਏ ਮੁਕਾਬਲੇ ਵਿਚ ਪਹਿਲਾ ਸਥਾਨ ਵਾਰਸ ਗਿੱਲ, ਦੂਜਾ ਸਥਾਨ ਮਨਜੋਤ ਗੁਰਮ ਅਤੇ ਤੀਜਾ ਸਥਾਨ ਮਨਵੀਰ ਸਿੰਘ ਖਟਰਾ ਤੇ ਸੁਕਕੀਰਤੀ ਕੁਮਾਰ ਨੇ ਸਾਂਝੇ ਤੌਰ 'ਤੇ ਮੱਲਿਆ। ਗਰੁੱਪ ਬੀ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਗੁਰਲੀਨ ਸ੍ਰਿੱਧ, ਦੂਜਾ ਸਥਾਨ ਰਾਜਵੀਰ ਧਾਲੀਵਾਲ, ਤੀਜਾ ਸਥਾਨ ਗੁਰਲੀਨ ਕੌਰ ਕਲੋਟੇ, ਕਰਨਪਾਲ ਸਿੰਘ ਪਰਮਾਰ ਅਤੇ ਗੁਰਮਨਜੋਤ ਸਿੰਘ ਨੇ ਜਿੱਤਿਆ। ਗਰੁੱਪ ਸੀ ਵਿਚ ਪਹਿਲਾ ਸਥਾਨ ਜਸਮੀਤ ਸਿੰਘ ਸਰਾਂ, ਦੂਜਾ ਹਰਕੀਰਤ ਸ਼ੇਰਗਿੱਲ ਅਤੇ ਤੀਜਾ ਗੁਰਜੀਤ ਸਰਾਏ ਨੇ ਮੱਲਿਆ। ਗਰੁੱਪ ਡੀ ਵਿਚ ਪਹਿਲਾ ਸਥਾਨ ਦਲਜੀਤ ਸਿੰਘ ਸਰਾਏ, ਦੂਜਾ ਰਵਨੀਤ ਕੌਰ, ਤੀਜਾ ਸਥਾਨ ਜਸ਼ਨਪਾਲ ਸਿੰਘ ਮਾਂਗਟ ਨੇ ਪ੍ਰਾਪਤ ਕੀਤਾ। ਭਾਸ਼ਨ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਜਿੱਥੇ ਸਨਮਾਨ ਚਿੰਨ੍ਹ ਦਿੱਤੇ ਗਏ ਉੱਥੇ ਨਗਦ ਇਨਾਮ ਵੀ ਦਿੱਤੇ ਗਏ।ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਦੇ ਬੱਚਿਆਂ ਵਲੋਂ ਖੂਬਸੂਰਤ ਗਿਧਾ ਅਤ ਭੰਗੜਾ ਪੇਸ਼ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਵਿਚ ਡਾ. ਅਰਜਨ ਸਿੰਘ ਜੋਸ਼ਨ, ਪੱਤਰਕਾਰ ਦਲਜੀਤ ਸਿੰਘ ਸਰ੍ਹਾਂ, ਹਰਜਿੰਦਰ ਕੰਗ ਨੇ ਆਪਣੇ ਵਿਚਾਰ ਰੱਖੇ।ਬੁਲਾਰਿਆਂ ਨੇ ਵਿਚਾਰ ਪ੍ਰਗਟ ਕਰਦਿਆਂ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹੋ ਜਿਹੇ ਸਮਾਗਮਾਂ ਨਾਲ ਨਵੀਂ ਪੀੜ੍ਹੀ ਦੇ ਬੱਚੇ ਜਿੱਥੇ ਪੰਜਾਬੀ ਵਿਰਸੇ ਅਤੇ ਵਿਰਾਸਤ ਨਾਲ ਜੁੜੇ ਰਹਿਣਗੇ ਉੱਥੇ ਉਹ ਆਪਣੇ ਮਾਣਮੱਤੇ ਇਤਿਹਾਸ ਤੋਂ ਜਾਣੂੰ ਹੋ ਕੇ ਆਪਣੀ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੇ ਯੋਗ ਬਣਨਗੇ। ਹਜ਼ੂਰਾ ਸਿੰਘ ਵਲੋਂ ਕਵਿਤਾ ਪੇਸ਼ ਕੀਤੀ ਗਈ। ਆਂਚਲ ਹੇਅਰ ਅਤੇ ਸਿਮਵੀਰ ਹੇਅਰ ਵਲੋਂ ਗੀਤ ਅਤੇ ਕਵਿਤਾ ਪੇਸ਼ ਕੀਤੇ ਗਏ।

ਭਾਸ਼ਨ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਜਿੱਥੇ ਸਨਮਾਨ ਚਿੰਨ੍ਹ ਦਿੱਤੇ ਗਏ ਉੱਥੇ ਨਗਦ ਇਨਾਮ ਵੀ ਦਿੱਤੇ ਗਏ। ਮੁਕਾਬਲਿਆਂ ਦੇ ਜੱਜ ਦੀ ਭੂਮਿਕਾ ਉੱਘੇ ਲੇਖਕ ਗੁਰੂਮੇਲ, ਡਾ. ਅਰਜਨ ਸਿੰਘ ਜੋਸ਼ਨ ਅਤੇ ਪ੍ਰਸਿੱਧ ਗਜ਼ਲਗੋ ਹਰਜਿੰਦਰ ਕੰਗ ਨੇ ਨਿਭਾਈ ਜਦਕਿ ਸਟੇਜ ਦੀ ਕਾਰਵਾਈ ਹਰਜਿੰਦਰ ਢੇਸੀ, ਪ੍ਰੀਤ ਗਿੱਲ ਅਤੇ ਸ਼ਰਨ ਧਾਲੀਵਾਲ ਨੇ ਨਿਭਾਈ। ਇਸ ਮੌਕੇ ਚਾਹ ਪਕੌੜਿਆਂ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਕੁਲ ਮਿਲਾ ਕੇ ਕਿ ਇਹ ਇਕ ਯਾਦਗਾਰੀ ਸਮਾਗਮ ਹੋ ਨਿੱਬੜਿਆ।

**(ਤਸਵੀਰਾਂ ਦੇਖੋ ਸਫਾ 11 'ਤੇ)**

# ਅਮਰੀਕਨ ਟੈਨਿਸ ਖਿਡਾਰਨ ਐਲੀਸਨ ਰਿਸਕ ਤੇ ਭਾਰਤੀ ਖਿਡਾਰੀ ਅਮ੍ਰਿਤਰਾਜ ਵਿਆਹ ਬੰਧਨ ਵਿਚ ਬੱਝੇ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**– ਹਾਲ ਹੀ ਵਿਚ ਖਤਮ ਹੋਏ ਵਿੰਬਲਡਨ ਕੱਪ 'ਚ ਵਿਸ਼ਵ ਦੀ ਪਹਿਲਾ ਦਰਜਾ ਖਿਡਾਰਨ ਐਸ਼ਲੀਘ ਬਾਰਟੀ ਨੂੰ ਟੂਰਨਾਮੈਂਟ ਵਿਚੋਂ ਬਾਹਰ ਦਾ ਰਸਤਾ ਵਿਖਾਕੇ ਸਭ ਨੂੰ ਹੈਰਾਨ ਕਰ ਦੇਣ ਵਾਲੀ ਅਮਰੀਕਨ ਟੈਨਿਸ ਖਿਡਾਰਨ ਐਲੀਸਨ ਰਿਸਕ ਨੇ ਅਚਨਚੇਤ ਆਪਣੇ ਵਿਆਹ ਦੀ ਖ਼ਬਰ ਦੇ ਕੇ ਆਪਣੇ ਸਮਰਥਕਾਂ ਦੇ ਚੇਹਰੇ ਉਪਰ ਮੁਸਕਰਾਹਟ ਲਿਆ ਦਿੱਤੀ ਹੈ। ਉਸ ਨੇ ਸਾਬਕਾ ਭਾਰਤੀ ਅਮਰੀਕੀ ਪ੍ਰੋਫੈਸ਼ਨਲ ਟੈਨਿਸ ਖਿਡਾਰੀ ਸਟੀਫਨ ਅਮ੍ਰਿਤਰਾਜ ਨਾਲ ਆਪਣੇ ਵਿਆਹ ਦੀ ਖ਼ਬਰ ਟਵਿਟਰ ਉਪਰ ਸਾਂਝੀ ਕੀਤੀ ਹੈ। ਇਸ ਮੌਕੇ ਇਕ ਵੀਡੀਓ ਵੀ ਫਿਲਮਾਈ ਗਈ ਜਿਸ ਵਿਚ ਚਿੱਟੇ ਰੰਗ ਦੇ ਗਾਊਨ ਪਹਿਨੀ ਰਿਸਕ ਤੇ ਉਸ ਦੀ ਭੈਣ ਸਾਰਾਹ ' ਨੱਚਦੇ ਨੀ ਸਾਰੇ' ਗੀਤ ਉਪਰ ਡਾਂਸ ਕਰ ਰਹੀਆਂ ਸਨ। 2 ਮਿੰਟ ਦੀ ਇਹ ਵੀਡੀਓ ਸਭ ਦਾ ਧਿਆਨ ਖਿੱਚ ਰਹੀ ਹੈ। ਅਮ੍ਰਿਤਰਾਜ ਅੰਤਰ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚ ਭਾਰਤ ਦੀ ਪ੍ਰਤੀਨਿੱਧਤਾ ਕਰ ਚੁੱਕੇ ਹਨ ਤੇ ਉਹ ਸਾਬਕਾ ਭਾਰਤੀ ਡੇਵਿਸ ਕੱਪ ਖਿਡਾਰੀ ਅਨੰਦ ਅਮ੍ਰਿਤਰਾਜ ਦੇ ਪੁੱਤਰ ਹਨ। ਉਸ ਨੇ ਟਵਿਟਰ ਉਪਰ ਲਿਖਿਆ ਹੈ ਕਿ ''ਮੈਂ ਖੁਸ਼ਕਿਸਮਤ ਹਾਂ ਜਿਸ ਨੂੰ ਅਮ੍ਰਿਤਰਾਜ ਵਰਗਾ ਜੀਵਨ ਸਾਥੀ ਮਿਲਿਆ ਹੈ।'' ਜੋੜੀ ਨੂੰ ਵਧਾਈ ਦੇਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਭਾਰਤੀ ਟੈਨਿਸ ਖਿਡਾਰਨ ਸਾਨੀਆ ਮਿਰਜਾ ਵੀ ਸ਼ਾਮਿਲ ਹੈ।



# ਬਾਬਾ ਨਿਧਾਨ ਸਿੰਘ ਅਤੇ ਭਗਤ ਪੂਰਨ ਸਿੰਘ ਦੀ ਯਾਦ ਵਿਚ ਸਮਾਗਮ 28 ਨੂੰ


## ਡਾ. ਪਰਮਜੀਤ ਸਿੰਘ ਸਰੋਆ ਦਾ ਹੋਵੇਗਾ ਵਿਸ਼ੇਸ਼ ਸਨਮਾਨ ਚਿੰਨ ਨਾਲ ਸਨਮਾਨ


**ਨਿਊਯਾਰਕ (ਹੁਸਨ ਲੜੋਆ ਬੰਗਾ)**– ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਅਤੇ ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਦੀ ਯਾਦ ਵਿਚ ਸਲਾਨਾ ਸਮਾਗਮ 28 ਜੁਲਾਈ ਨੂੰ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਪਲੇਨਵਿਊ ਨਿਊਯਾਰਕ ਵਿਚ ਹੋਵੇਗਾ। ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸ. ਸੁਰਿੰਦਰ ਸਿੰਘ ਮਿਨਹਾਸ ਨੇ ਦੱਸਿਆ ਕਿ ਇਨ੍ਹਾਂ ਸ਼ਖ਼ਸੀਅਤਾਂ ਵੱਲੋਂ ਸਿੱਖੀ ਪ੍ਰਚਾਰ ਪ੍ਰਸਾਰ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਇਨ੍ਹਾਂ ਸ਼ਖ਼ਸੀਅਤਾਂ ਵੱਲੋਂ ਹਜ਼ੂਰ ਸਾਹਿਬ ਅਤੇ ਅੰਮ੍ਰਿਤਸਰ ਵਿਖੇ ਅੱਜ ਇਨ੍ਹਾਂ ਵੱਲੋਂ ਸਥਾਪਤ ਸੰਸਥਾਵਾਂ ਮਹਾਨ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 28 ਜੁਲਾਈ ਨੂੰ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨੀ ਜਥੇ ਭਾਈ ਜਗਦੀਪ ਸਿੰਘ ਜੀ ਬੰਗਲਾ ਸਾਹਿਬ ਵਾਲਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਵੇਗਾ। ਕਥਾਵਾਚਕ ਭਾਈ ਰਣਜੀਤ ਸਿੰਘ ਅਤੇ ਭਾਈ ਅਮਰਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਬਾਬਾ ਨਿਧਾਨ ਸਿੰਘ ਅਤੇ ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਚਾਨਣਾ ਪਾਉਣਗੇ। ਸ. ਮਿਨਹਾਸ ਨੇ ਦੱਸਿਆ ਕਿ ਇਸ ਵਾਰ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਦੇ ਚੇਅਰਮੈਨ ਡਾ. ਪਰਮਜੀਤ ਸਿੰਘ ਸਰੋਆ ਨੂੰ ਉਨ੍ਹਾਂ ਦੀਆਂ ਬਾਬਾ ਨਿਧਾਨ ਸਿੰਘ ਜੀ ਨੂੰ ਅਕਾਦਮਿਕ ਖੇਤਰ ਵਿਚ ਪ੍ਰਚਾਰਨ ਬਦਲੇ ਵਿਸ਼ੇਸ਼ ਯਾਦਗਾਰੀ ਚਿੰਨ ਨਾਲ ਸਨਮਾਨਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਡਾ. ਸਰੋਆ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਬਾਰੇ ਵਿਚਾਰ ਵੀ ਸਾਂਝੇ ਕਰਨਗੇ। ਇਸ ਮੌਕੇ ਮੌਜੇਕ ਕਲਾ ਦੇ ਖੇਤਰ ਵਿਚ ਵਿਸ਼ਵ ਪੱਧਰੀ ਨਮਾਣਾ ਖੱਟਣ ਵਾਲੇ ਸ. ਹਰਜੀਤ ਸਿੰਘ ਸੰਧੂ ਦੀ ਕਿਤਾਬ 'ਪੋਟੇ ਬੋਲ ਪਏ' ਵੀ ਰਿਲੀਜ਼ ਕੀਤੀ ਜਾਵੇਗੀ। ਸ. ਮਿਨਹਾਸ ਨੇ ਸੰਗਤਾਂ ਨੂੰ ਸਮਾਗਮ ਵਿਚ ਹੁੰਮ-ਹੁੰਮਾ ਕੇ ਪਹੁੰਚਣ ਦੀ ਅਪੀਲ ਵੀ ਕੀਤੀ।




# ਕੈਲੀਫੋਰਨੀਆ ਦੇ ਸ਼ਹਿਰ ਗਿਲਰੋਏ ਵਿਚ ਸਾਲਾਨਾ "ਲਸਨ" ਉਤਸਵ ਵਿਚ ਅਣਪਛਾਤੇ ਵਲੋਂ ਤਿੰਨ ਲੋਕਾਂ ਨੂੰ ਗੋਲੀਆਂ ਮਾਰੀਆਂ, 15 ਜ਼ਖ਼ਮੀ









**ਗਿਲਰੋਏ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਉੱਤਰੀ ਕੈਲੀਫੋਰਨੀਆ ਦੇ ਸ਼ਹਿਰ ਗਿਲਰੋਏ ਵਿਚ ਇਕ ਸਾਲਾਨਾ ਵਿਸ਼ਾਲ ਲਸਨ ਭੋਜਨ ਉਤਸਵ ਵਿਚ ਇੱਕ ਅਣ-ਪਛਾਤੇ ਸਿਰ ਫਿਰੇ ਵਲੋਂ 3 ਲੋਕਾਂ ਨੂੰ ਰਾਇਫਲ ਨਾਲ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਘੱਟੋ ਘੱਟ 15 ਹੋਰ ਜ਼ਖ਼ਮੀ ਹੋ ਗਏ. ਇਸ ਨਿਸ਼ਾਨੇਬਾਜ਼ ਨੇ ਰਾਈਫਲ ਦਾ ਇਸਤੇਮਾਲ ਕੀਤਾ ਅਤੇ ਮੈਟਲ ਡੈਟੈਕਟਰਾਂ ਸਮੇਤ ਮਜਬੂਤ ਸੁਰੱਖਿਆ ਤੋਂ ਬਚ ਕੇ ਇੱਕ ਵਾੜ ਕੱਟ ਕੇ ਇਸ ਸਮਾਗਮ ਵਿਚ ਦਾਖਲ ਹੋਇਆ ਤੇ ਅੰਨ੍ਹੇਹ ਲੋਕਾਂ ਤੇ ਗੋਲੀ ਚਲਾ ਦਿੱਤੀ ਇਸ ਦੌਰਾਨ ਪੁਲਸ ਨੇ ਇਕ ਮਿੰਟ ਚ ਹੀ ਬੰਦੂਕਧਾਰੀ ਦਾ ਮੁਕਾਬਲਾ ਕੀਤਾ ਤੇ ਬੰਦੂਕਧਾਰੀ ਨੂੰਵੀ ਮਾਰ ਦਿੱਤਾ। ਇਹ ਘਟਨਾ ਸੈਨਫਰਾਂਸਿਸਕੋ ਦੇ 80 ਮੀਲ (176 ਕਿਲੋਮੀਟਰ) ਦੱਖਣ-ਪੂਰਬ ਵੱਲ 50,000 ਦੇ ਕਰੀਬ ਸ਼ਹਿਰ ਗਿਲਰੋਏ ਚ ਉਸ ਸਮੇਂ ਵਾਪਰੀ ਜਦੋਂ ਹਰ ਥਾਂ ਲੋਕ ਨੱਚ ਗਾ ਰਹੇ ਸੀ ਤੇ ਲਸਨ ਤੋਂ ਬਣੇ ਵੱਖ ਵੱਖ ਸੈਕੜੇਂ ਲਸਨ ਤੋਂ ਬਣੇ ਲਾਜੀਜ ਭੋਜਨਾਂ ਦਾ ਲੁਤਫ ਲੈ ਰਹੇ ਸਨ।

ਇਸ ਸਮਾਗਮ ਤੋਂ ਬਣਦੀ ਲੱਖਾਂ ਡਾਲਰ ਦੀ ਕਮਾਈ ਸਥਾਨਕ ਚੈਰੀਟੀ ਨੂੰ ਦਿੱਤੀ ਜਾਂਦੀ ਹੈ ਤੇ ਹੁਣ ਤੱਕ 11 ਮਿਲੀਅਨ ਦੇ ਚੁਕੇ ਹਨ ਇਹ ਉਤਸਵ ਕਰੀਬ 39 ਸਾਲ ਪਹਿਲਾਂ ਸੁਰੂ ਹੋਇਆ ਸੀ । ਫੈਸਟੀਵਲ ਵਿਚ ਭੋਜਨ, ਖਾਣਾ ਪਕਾਉਣ ਦੇ ਮੁਕਾਬਲੇ ਅਤੇ ਸੰਗੀਤ ਸ਼ਾਮਲ ਸਨ, ਜੋ 100,000 ਤੋਂ ਵੱਧ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ, ਐਤਵਾਰ ਨੂੰ ਪ੍ਰੋਗਰਾਮ ਦਾ ਆਖਰੀ ਦਿਨ ਸੀ, ਇਹ ਗੋਲੀਬਾਰੀ ਉਦੋਂ ਸ਼ੁਰੂ ਹੋਈ ਜਦੋਂ ਬੈਂਡ ਟਿਨ ਮੈਨ ਆਪਣਾ ਪ੍ਰੋਗਾਮ ਸ਼ੁਰੂ ਕਰਨ ਜਾ ਰਿਹਾ ਸੀ, ਗਾਇਕ ਜੈਕ ਵੈਨ ਬ੍ਰੀਨ ਨੇ ਕਿਹਾ ਕਿ ਉਸ ਨੇ ਇੱਕ ਆਦਮੀ ਨੂੰ ਇੱਕ ਹਰੇ ਰੰਗ ਦੀ ਕਮੀਜ਼ ਪਹਿਨਣ ਅਤੇ ਉਸ ਦੇ ਗਲ਼ੇ ਦੇ ਆਲੇ ਦੁਆਲੇ ਰੁਮਾਲ ਲਪੇਟਿਆ ਹੋਇਆ ਸੀ, ਜਿਸ ਕੋਲ ਇੱਕ ਅਸਾਲਟ ਰਾਈਫਲ ਦਿਖਾਈ ਦਿੱਤੀ ਸੀ। ਇਸ ਘਟਨਾਂ ਚ ਜਖਮੀ ਹੋਏ ਲੋਕਾਂ ਨੂੰ ਵੱਕ ਵੱਖ ਸਹਪਤਾਲਾਂ ਚ ਲਿਜਾਇਆ ਗਿਆ। ਕੁਝ ਕ ਦਾ ਮੈਡੀਕਲ ਸੈਂਟਰ ਚ ਇਲਾਜ ਕੀਤਾ ਜਾ ਰਿਹਾ ਹੈ, ਸੈਂਟਾ ਕਲਾਰਾ ਵੈਲੀ ਮੈਡੀਕਲ ਸੈਂਟਰ ਵਿੱਚ ਵੀ ਪੰਜ ਪੀੜਤ ਭੇਜੇ ਗਏ ਹਨ ।

ਗਿਲਰੋਏ ਪੁਲਿਸ ਵਿਭਾਗ ਨੇ ਆਪਣੇ ਟਵਿੱਟਰ ਅਕਾਊਂਟ ਉੱਤੇ ਇਕ ਬਿਆਨ ਜਾਰੀ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ "ਗਿਲਰੋਏ ਦੇ ਸਮੁੱਚੇ ਭਾਈਚਾਰੇ ਨੂੰ ਹਦਾਇਤ ਹੈ ਅੱਜ ਦੇ ਲਸਣ ਦੇ ਤਿਉਹਾਰ ਦੀ ਸ਼ੂਟਿੰਗ ਦੌਰਾਨ ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਦੀ ਤਲਾਸ਼ ਕਰ ਰਹੇ ਹੋ, ਕਿਰਪਾ ਕਰਕੇ ਪਾਰਕਿੰਗ ਵਾਲੀ ਥਾਂ 'ਤੇ ਗੇਵੀਲਨ ਕਾਲਜ ਦੇ ਸੈਂਟਰ' ਤੇ ਜਾਓ"। ਇਸ ਘਟਨਾ ਤੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੀ ਸ਼ੂਟਿੰਗ ਬਾਰੇ ਟਵੀਟ ਕੀਤਾ, ਲੋਕਾਂ ਨੂੰ "ਸਾਵਧਾਨ ਅਤੇ ਸੁਰੱਖਿਅਤ ਰਹਿਣ ਲਈ ਕਿਹਾ"।

# 15 ਸਤੰਬਰ ਨੂੰ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ 'ਤੇ

## ਮੁਕੰਮਲ ਰੂਪ ਨਸ਼ਾ ਮੁਕਤ ਹੋਵੇਗਾ ਯੂਨਾਈਟਡ ਸਪੋਰਟਸ ਕਲੱਬ ਦਾ ਕਬੱਡੀ ਟੂਰਨਾਮੈਂਟ- ਗਾਖ਼ਲ

**ਯੂਨੀਅਨ ਸਿਟੀ (ਬਿਓਰੋ)–** ਇੱਥੇ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਦੀ ਸ. ਅਮੋਲਕ ਗਾਖਲ ਦੀ ਸਰਪ੍ਰਸਤੀ ਹੇਠ ਹੋਈ ਇਕ ਅਹਿਮ ਮੀਟਿੰਗ ਵਿਚ 15 ਸਤੰਬਰ 2019 ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।









ਵਿਸ਼ਵ ਕੱਪ ਦੇ ਮੁੱਖ ਪ੍ਰਬੰਧਕ ਅਤੇ ਰੂਹੇ ਰਵਾਂ ਸ. ਗਾਖਲ ਨੇ ਕਿਹਾ ਕਿ ਦੁਨੀਆਂ ਭਰ ਦੇ ਸੁਪਰ ਸਟਾਰ ਕਬੱਡੀ ਖਿਡਾਰੀ ਇਸ ਖੇਡ ਮੇਲੇ ਵਿਚ ਆਪਣੇ ਰੰਗ ਦਿਖਾਉਣਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਕਬੱਡੀ ਕੱਪ ਇਕ ਯਾਦਗਾਰੀ ਹੀ ਨਹੀਂ ਹੋਵੇਗਾ ਸਗੋਂ ਦਰਸ਼ਕਾਂ ਨੂੰ ਚਿਰਾਂ ਤੀਕਰ ਇਸ ਖੇਡ ਮੇਲੇ ਦੇ ਪਲ ਪਲ ਦਾ ਨਜ਼ਾਰਾ ਕਦੇ ਨਹੀਂ ਭੁੱਲੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਵਿਸ਼ਵ ਕੱਪ ਮੁਕੰਮਲ ਰੂਪ ਵਿਚ ਨਸ਼ਾ ਮੁਕਤ ਹੋਵੇਗਾ ਅਤੇ ਕਿਸੇ ਵੀ ਖਿਡਾਰੀ 'ਤੇ ਬੈਨ ਨਹੀਂ, ਸਗੋਂ ਡਰੱਗ ਫ੍ਰੀ ਸਰਟੀਫਿਕੇਟ ਖਿਡਾਰੀਆਂ ਨੂੰ ਖੇਡਣ ਦਾ ਮੌਕਾ ਮਿਲੇਗਾ। ਕਿਉਂਕਿ ਉਨ੍ਹਾਂ ਦਾ ਸਿਧਾਂਤ ਗਲੇ ਲਾਉਣਾ ਰਿਹਾ ਹੈ ਗਲੋਂ ਲਾਹੁਣਾ ਨਹੀਂ।

ਜੇ ਕੋਈ ਇੱਕਾ ਦੁੱਕਾ ਖਿਡਾਰੀ ਰਾਹ ਤੋਂ ਭਟਕ ਵੀ ਗਿਆ ਹੋਵੇ ਤਾਂ ਉਸਨੂੰ ਸਹੀ ਰਸਤੇ 'ਤੇ ਲੈ ਕੇ ਆਉਣਾ ਵੀ ਸਾਡੀ ਹੀ ਜ਼ੁੰਮੇਵਾਰੀ ਹੀ ਬਣਦੀ ਹੈ। ਖੇਡ ਪ੍ਰਬੰਧਾਂ ਦੀ ਤਕਨੀਕੀ ਦੇਖ ਰੇਖ ਕਰਨ ਵਾਲੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਇਹ ਕਬੱਡੀ ਕੱਪ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੀ ਸਰਪ੍ਰਸਤੀ ਵਿਚ ਹੋਵੇਗਾ। ਜਿਸ ਦੇ ਮੁੱਖ ਸਪਾਂਸਰ ਵੀ ਗਾਖਲ ਭਰਾ ਹੀ ਹਨ। ਉਨ੍ਹਾਂ ਦਰਸ਼ਕਾਂ ਨੂੰ ਹੁੰਮ ਹੁਮਾ ਕੇ ਪੁੱਜਣ ਦੀ ਬੇਨਤੀ ਕਰਦਿਆਂ ਕਿਹਾ ਕਿ ਸਚਮੁੱਚ ਹੀ ਏਸ ਵਾਰ ਦੀ ਕਬੱਡੀ ਦੁਨੀਆਂ ਦੇ ਇਤਿਹਾਸ ਵਿਚ ਵੱਖਰੀ ਹੋਵੇਗੀ ਕਿਉਂਕਿ ਇਤਿਹਾਸਕ ਦਿਹਾੜੇ ਨੂੰ ਸਮਰਪਿਤ ਕੀਤੀ ਜਾ ਰਹੀ ਹੈ।

ਸਮੁੱਚੇ ਰੂਪ ਵਿਚ ਵੱਡੀ 'ਚ ਆਉਣ ਵਾਲੇ ਦਰਸ਼ਕਾਂ ਦੇ ਖਾਣ-ਪੀਣ, ਬੈਠਣ, ਸਕਿਉਰਿਟੀ ਪ੍ਰਬੰਧਾਂ ਅਤੇ ਪਾਰਕਿੰਗ ਪੱਖੋਂ ਕਿਸੇ ਕਿਸਮ ਦੀ ਕੋਈ ਕਮੀ ਪੇਸ਼ੀ ਨਹੀਂ ਆਉਣ ਦਿੱਤੀ ਜਾਵੇਗੀ। ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ ਮੰਗੀ ਬੱਗਾ ਪਿੰਡ ਨੇ ਵੀ ਇਸ 15 ਸਤੰਬਰ 2019 ਦਾ ਇਕ ਦਿਨ ਸਮੂਹ ਕਬੱਡੀ ਪ੍ਰੇਮੀਆਂ ਅਤੇ ਕਬੱਡੀ ਦਰਸ਼ਕਾਂ ਨੂੰ ਯੂਨੀਅਨ ਸਿਟੀ ਪਹੁੰਚ ਕੇ ਕਬੱਡੀ ਲੇਖੇ ਲਾਉਣ ਦੀ ਬੇਨਤੀ ਕੀਤੀ। ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸੰਦੀਪ ਨੰਗਲ ਅੰਬੀਆਂ ਨੇ ਇਕ ਵੱਖਰੇ ਪ੍ਰਤੀਕਰਮ 'ਚ ਕਿਹਾ ਕਿ ਖਿਡਾਰੀ ਵੀ ਦਰਸ਼ਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਜਲਦੀ ਹੀ ਕਬੱਡੀ ਨੂੰ ਉਲਾਂਭਿਆਂ ਤੋਂ ਮੁਕਤ ਕਰਨ ਲਈ ਫੈਡਰੇਸ਼ਨ ਵਲੋਂ ਸਰਗਰਮੀ ਤੇ ਗੰਭੀਰਤਾ ਨਾਲ ਕੀਤੇ ਜਾ ਰਹੇ ਕੰਮਾਂ ਵਿਚ ਯੋਗਦਾਨ ਪਾਉਣ।

ਮੀਟਿੰਗ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ, ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ, ਇੰਦਰਜੀਤ ਥਿੰਦ, ਅਰੁਨਦੀਪ ਸਿੰਘ, ਕਾਲਾ ਗਾਖਲ ਆਦਿ ਹਾਜ਼ਰ ਸਨ।

# ਗਾਇਕ ਗਗਨ ਕੋਕਰੀ, ਮੰਨਤ ਨੂਰ ਤੇ ਜੋਰਡਨ ਸੰਧੂ ਦੀ ਤਿੱਕੜੀ ਨੇ ਕੀਤਾ ਮਨ ਪ੍ਰਚਾਵਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫ਼ਿਲਮੀ ਅਦਾਕਾਰ ਅਤੇ ਗਾਇਕ ਗਗਨ ਕੋਕਰੀ , ਜੋਰਡਨ ਸੰਧੂ ਤੇ ਗਾਇਕਾ ਮੰਨਤ ਨੂਰ ਨੂੰ ਇਹਨੀ ਦਿਨੀ ਅਮਰੀਕਾ ਦੇ ਟੂਰ 'ਤੇ ਹਨ । ਉਹ ਵੱਖ-ਵੱਖ ਸ਼ਹਿਰਾਂ ਵਿਚ ਸ਼ੋਅ ਕਰ ਰਹੇ ਹਨ । ਜਿਸ ਦੌਰਾਨ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਗਗਨ ਕੋਕਰੀ, ਜੌਰਡਨ ਸੰਧੂ ਅਤੇ ਗਾਇਕਾ ਮੰਨਤ ਨੂਰ ਦਾ ਪੰਜਾਬੀ ਸ਼ੋਅਹੋਇਆ । ਮੰਨਤ ਨੂਰ ਨੇ ਮੇਲੇ ਦਾ ਆਗਾਜ ਕੀਤਾ, ਨੂਰ ਦਾ ਬਹੁ-ਚਰਚਿਤ ਗੀਤ 'ਤੂੰ ਲੌਂਗ ਤੇ ਮੈਂ ਲਾਚੀ' ਦਰਸ਼ਕਾਂ ਦਾ ਪਸੰਦੀਦਾ ਗੀਤ ਰਿਹਾ । ਗਗਨ ਕੋਕਰੀ ਨੇ ਬਾਪੂ ਵਾਲੇ ਫੋਰਡ ਤੋਂ ਲੈ ਕੇ ਆਪਣੇ ਸਾਰੇ ਗੀਤ



ਅਤੇ ਹੋਰ ਲੇਜੈਂਡ ਕਲਾਕਾਰਾ ਦੇ ਗੀਤਾ ਨਾਲ ਲੋਕਾਂ ਦਾ ਖੂਬ ਮਨੋਰੰਜਨ ਕੀਤਾ। ਜੋਰਡਨ ਸੰਧੂ ਨੇ ਆਪਣੇ ਸਾਰੇ ਗੀਤ ਗਾਏ ਤੇ 'ਤਿੰਨ ਪੈੱਗ' ਨੂੰ ਦਰਸ਼ਕਾਂ ਦੀ ਫਰਮਾਇਸ਼ 'ਤੇ ਤਿੰਨ ਵਾਰ ਗਾਇਆ ਪ੍ਰਬੰਧਕ "ਜੀਵੇ ਪੰਜਾਬ ਇੰਟਰਟੇਨਮੈਂਟ" ਦੇ ਜੱਸੀ ਬੰਗਾ, ਸੋਨੂ ਚੱਠਾ, ਜੱਸੀ ਕਾਤਰੋਂ, ਪਰਦੀਪ ਚੱਠਾ ਅਤੇ ਦੀਪ ਸੂਚ ਨੇ ਸਾਰੇ ਦਰਸ਼ਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਵੀ ਲੋਕ ਸਾਫ਼-ਸੁਥਰੀ ਗਾਇਕੀ ਪਸੰਦ ਕਰਦੇ ਹਨ ।ਮੇਲਾ ਟੀਮ ਵੱਲੋਂ ਕਲਾਕਾਰਾਂ ਨੂੰ ਗੁਲਦਸਤੇ ਭੇਟ ਕਰਕੇ ਸਨਮਾਨ ਕੀਤਾ ਗਿਆ। ਸਟੇਜ ਦੀ ਸੰ-ਚਾਲਕਾ ਆਸ਼ਾ ਸ਼ਰਮਾਂ ਨੇ ਸ਼ਇਰੋ ਸ਼ਾਇਰੀ ਨਾਲ ਸੰਜੀਦਗੀ ਨਾਲ ਸਟੇਜ ਤੋਂ ਕਲਾਕਾਰਾ ਨੂੰ ਪੇਸ਼ ਕੀਤਾ।

# ਸਾਬਕਾ ਸਰਪੰਚ ਰਣਧੀਰ ਸਿੰਘ ਗਿੱਲ ਅਤੇ ਰਛਪਾਲ ਸਿੰਘ ਗਿੱਲ ਨੂੰ ਸਦਮਾ, ਅਮਰੀਕਾ ਵਿੱਚ ਪਿਤਾ ਦਾ ਦਿਹਾਂਤ



**ਸਿਲਮਾ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਪਿੰਡ ਫੂਲੇਆਲਾ (ਮੋਗਾ) ਦੇ ਸਾਬਕਾ ਸਰਪੰਚ ਸਿਲਮਾ ਨਿਵਾਸੀ ਸ. ਰਣਧੀਰ ਸਿੰਘ ਗਿੱਲ ਅਤੇ ਉਨ੍ਹਾਂ ਦੇ ਭਰਾ ਰਛਪਾਲ ਸਿੰਘ ਗਿੱਲ (ਕਨੇਡਾ ਨਿਵਾਸੀ) ਨੂੰ ਪਿਛਲੇ ਦਿਨੀ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋਂ ਉਹਨਾਂ ਦੇ ਪਿਤਾ ਸ. ਮੇਜਰ ਸਿੰਘ ਨੰਬਰਦਾਰ (87) ਦਾ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਮਿੱਤੀ 28 ਜੁਲਾਈ ਦਿਨ ਐਤਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਰਿਜ਼ਨੋ ਵਿਖੇ ਹੋਇਆ, ਉਪਰੰਤ ਭੋਗ ਗੁਰਦਵਾਰਾ ਸਹਿਬ ਸਿਲਮਾ ਵਿਖੇ ਪਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਕੇ ਸੰਬੰਧੀਆਂ ਅਤੇ ਯਾਰਾਂ ਦੋਸਤਾਂ ਨੇ ਪਹੁੰਚਕੇ ਗਿੱਲ ਪਰਿਵਾਰ ਦਾ ਦੁੱਖ ਵੰਡਾਇਆ। ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ 559-898-9798






ਦੇਸ਼ ਦੁਆਬਾ

# ਕਾਂਗਰਸ ਦੀ ਪ੍ਰਧਾਨਗੀ ਦਾ ਮਸਲਾ

ਆਜ਼ਾਦੀ ਤੋਂ ਬਾਅਦ ਭਾਰਤ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਦੇ ਰੂਪ ਵਿਚ ਸਥਾਪਤ ਹੋਈ ਕਾਂਗਰਸ ਪਾਰਟੀ ਦਾ ਸਮਾਂ ਬਹੁਤ ਹੀ ਤ੍ਰਾਸਦੀ ਵਾਲਾ ਚੱਲ ਰਿਹਾ ਹੈ। ਸਮੱਸਿਆ ਇੱਥੋਂ ਤੱਕ ਆ ਗਈ ਹੈ ਕਿ ਇਸ ਪਾਰਟੀ ਦੀ ਲੀਡਰਸ਼ਿਪ ਸੰਭਾਲਣ ਲਈ ਕੋਈ ਲੀਡਰ ਨਹੀਂ ਮਿਲ ਰਿਹਾ। ਇਹ ਪਾਰਟੀ ਹਾਲੇ ਵੀ ਇਕ ਪਰਿਵਾਰ ਦੇ ਦੁਆਲੇ ਹੀ ਘੁੰਮ ਰਹੀ ਹੈ ਅਤੇ ਉਸ ਵਿਚ ਹੀ ਲੀਡਰਸ਼ਿਪ ਦੀਆਂ ਸੰਭਾਵਨਾਵਾਂ ਦੇਖ ਰਹੀ ਹੈ।

ਲੋਕ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅਸਤੀਫ਼ਾ ਦੇ ਕੇ ਨਵਾਂ ਪ੍ਰਧਾਨ ਚੁਣਨ ਲਈ ਕਹਿ ਦਿੱਤਾ ਸੀ ਪਰ ਕਾਫ਼ੀ ਸਮਾਂ ਬੀਤਣ ਤੋਂ ਬਾਅਦ ਵੀ ਪਾਰਟੀ ਪ੍ਰਧਾਨ ਨਹੀਂ ਚੁਣ ਸਕੀ। ਭਾਵੇਂ ਕਾਂਗਰਸੀਆਂ ਨੇ ਰਾਹੁਲ ਗਾਂਧੀ ਨੂੰ ਮਨਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਾ ਮੰਨੇ। ਉਹ ਕਹਿ ਰਹੇ ਹਨ ਕਿ ਗਾਂਧੀ ਪਰਿਵਾਰ ਤੋਂ ਬਾਹਰਲੇ ਵਿਅਕਤੀ ਨੂੰ ਹੀ ਪ੍ਰਧਾਨ ਚੁਣਿਆ ਜਾਵੇ ਪਰ ਕਾਂਗਰਸ ਨੂੰ ਹਾਲੇ ਤਕ ਗਾਂਧੀ ਪਰਿਵਾਰ ਤੋਂ ਬਾਹਰ ਕੋਈ ਯੋਗ ਵਿਅਕਤੀ ਨਹੀਂ ਲੱਭਾ। ਇਹੋ ਕਾਰਨ ਹੈ ਕਿ ਹੁਣ ਲੀਡਰਸ਼ਿਪ ਨੂੰ ਵੀ ਇਹ ਲੱਗਣ ਲੱਗ ਪਿਆ ਹੈ ਕਿ ਜੇ ਰਾਹੁਲ ਨਹੀਂ ਮੰਨ ਰਹੇ ਤਾਂ ਪ੍ਰਿਅੰਕਾ ਉਨ੍ਹਾਂ ਦੀ ਆਗੂ ਕਿਉਂ ਨਹੀਂ ਹੋ ਸਕਦੀ? ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਕੇਂਦਰੀ ਮੰਤਰੀ ਸ਼ਸ਼ੀ ਥਰੂਰ ਹੁਣ ਜਨਤਕ ਤੌਰ 'ਤੇ ਕਹਿਣ ਲੱਗ ਪਏ ਹਨ ਕਿ ਕਾਂਗਰਸ ਦੀ ਪ੍ਰਧਾਨਗੀ ਲਈ ਇਸ ਵੇਲੇ ਸਭ ਤੋਂ ਯੋਗ ਚਿਹਰਾ ਪ੍ਰਿਅੰਕਾ ਗਾਂਧੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਲੱਗਦਾ ਹੈ ਕਿ ਕਾਂਗਰਸ ਦੇ ਕੌਮੀ ਪ੍ਰਧਾਨ ਵਜੋਂ ਮੌਜੂਦਾ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਬਿਲਕੁਲ ਸਹੀ ਨਾਂ ਹੈ ਜਿਹੜਾ ਸਾਰਿਆਂ ਲਈ ਪ੍ਰਵਾਨਿਤ ਹੋਵੇਗਾ। ਜੇ ਉਨ੍ਹਾਂ ਨੂੰ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਹਰ ਪਾਸਿਓਂ ਹਮਾਇਤ ਮਿਲੇਗੀ। ਪ੍ਰਿਅੰਕਾ ਗਾਂਧੀ ਮੁਲਕ ਦੀਆਂ ਜ਼ਰੂਰਤਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਪੂਰਤੀ ਲਈ ਪੂਰੀ ਤਰ੍ਹਾਂ ਸਮਰੱਥ ਹੈ। ਸ਼ਸ਼ੀ ਥਰੂਰ ਨੇ ਕਿਹਾ ਸੀ ਕਿ ਰਾਹੁਲ ਗਾਂਧੀ ਦੇ ਅਸਤੀਫ਼ੇ ਪਿੱਛੋਂ ਲੀਡਰਸ਼ਿਪ ਸਬੰਧੀ ਚੱਲ ਰਹੀ ਸਪੱਸ਼ਟਤਾ ਦੀ ਕਮੀ ਪਾਰਟੀ ਨੂੰ ਨੁਕਸਾਨ ਪਹੁੰਚਾ ਰਹੀ ਹੈ। ਪਾਰਟੀ 'ਚ ਜਾਨ ਪਾਉਣ ਲਈ ਕਾਰਜਕਾਰਨੀ ਸਮੇਤ ਸਾਰੇ ਮੁੱਖ ਅਹੁਦਿਆਂ ਲਈ ਚੋਣਾਂ ਕਰਵਾਈਆਂ ਜਾਣ। ਥਰੂਰ ਮੁਤਾਬਕ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਪ੍ਰਿਅੰਕਾ ਗਾਂਧੀ ਬਿਲਕੁਲ ਮਾਕੂਲ ਨੇਤਾ ਹਨ। ਪ੍ਰਿਅੰਕਾ ਗਾਂਧੀ ਦੇ ਨਾਂ ਦੀ ਛਿੜੀ ਚਰਚਾ ਦੌਰਾਨ ਰਾਹੁਲ ਗਾਂਧੀ ਨੇ ਫਿਰ ਦੁਹਰਾਇਆ ਕਿ ਕਾਂਗਰਸ ਦਾ ਪ੍ਰਧਾਨ ਗਾਂਧੀ ਪਰਿਵਾਰ ਤੋਂ ਬਾਹਰਲਾ ਕੋਈ ਵਿਅਕਤੀ ਹੀ ਹੋਣਾ ਚਾਹੀਦਾ ਹੈ। ਕਾਡਰ ਬੇਸਡ ਪਾਰਟੀਆਂ ਭਾਜਪਾ ਤੇ ਕਮਿਊਨਿਸਟ ਪਾਰਟੀਆਂ ਨੂੰ ਛੱਡ ਕੇ ਮੁਲਕ ਦੀਆਂ ਲਗਪਗ ਸਾਰੀਆਂ ਸਿਆਸੀ ਪਾਰਟੀਆਂ ਦੀ ਹੋਂਦ ਕੁਝ ਕੁ ਚੋਣਵੇਂ ਸਿਆਸੀ ਪਰਿਵਾਰਾਂ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਮੁਲਾਇਮ ਯਾਦਵ, ਫਾਰੂਖ਼ ਅਬਦੁੱਲਾ, ਪ੍ਰਕਾਸ਼ ਸਿੰਘ ਬਾਦਲ, ਓਮ ਪ੍ਰਕਾਸ਼ ਚੌਟਾਲਾ, ਲਾਲੂ ਯਾਦਵ ਦੇ ਪਰਿਵਾਰਾਂ ਸਮੇਤ ਅਜਿਹੇ ਕਈ ਹੋਰ ਸਿਆਸੀ ਪਰਿਵਾਰਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿਨ੍ਹਾਂ ਤੋਂ ਬਿਨਾਂ ਉਨ੍ਹਾਂ ਦੀਆਂ ਪਾਰਟੀਆਂ ਦੀ ਕੋਈ ਹੋਂਦ ਹੀ ਨਹੀਂ ਹੈ। ਅਸਲ ਵਿਚ ਤਾਂ ਹੁਣ ਕੋਈ ਅਸੂਲਾਂ, ਆਦਰਸ਼ਾਂ, ਵਿਚਾਰਾਂ ਦੀ ਸਿਆਸਤ ਨਹੀਂ ਰਹਿ ਗਈ। ਹੁਣ ਸਿਰਫ਼ ਮੌਕਾਪ੍ਰਸਤੀ ਦੀ ਸਿਆਸਤ ਹੈ ਤੇ ਹਰ ਕੋਈ ਵਗਦੀ ਗੰਗਾ 'ਚ ਹੱਥ ਧੋਣੇ ਚਾਹੁੰਦਾ ਹੈ। ਇਹੋ ਕਾਰਨ ਹੈ ਕਿ ਪਾਰਟੀਆਂ ਦੀ ਲੀਡਰਸ਼ਿਪ 'ਚ ਨਾ ਤਾਂ ਸਵੈ-ਵਿਸ਼ਵਾਸ ਹੈ ਅਤੇ ਨਾ ਹੀ ਹੌਸਲਾ। ਇਹੋ ਹਾਲ ਕਾਂਗਰਸ ਦਾ ਹੈ। ਕਾਂਗਰਸ ਵਿਚਾਰਧਾਰਾ ਤੋਂ ਸੱਖਣੀ ਪਾਰਟੀ ਬਣ ਚੁੱਕੀ ਹੈ। ਇਸ ਕਾਰਨ ਹੀ ਇਸ ਵੇਲੇ ਕਾਂਗਰਸ ਦੀ ਸਾਰੀ ਟੇਕ ਗਾਂਧੀ ਪਰਿਵਾਰ 'ਤੇ ਲੱਗੀ ਹੋਈ ਹੈ। ਤਾਂ ਹੀ ਵਾਰ-ਵਾਰ ਇਸ ਪਰਿਵਾਰ 'ਚੋਂ ਹੀ ਕੋਈ ਨੇਤਾ ਚੁਣਨ ਦੀਆਂ ਦੁਹਾਈਆਂ ਦਿੱਤੀਆਂ ਜਾਂਦੀਆਂ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-112

## ਗੁਰਸਿੱਖ ਦੀ ਪ੍ਰੀਭਾਸ਼ਾ ਕੀ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਨੋਟ-ਇਸ ਲੇਖ ਵਿੱਚ ਕੇਵਲ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਅਨੁਸਾਰ ਗੁਰਸਿੱਖ ਕੌਣ ਹੈ? ਦੀ ਵਿਚਾਰ ਕੀਤੀ ਹੈ ਨਾ ਕਿ ਕਿਸੇ ਹੋਰ ਸੰਤ-ਗ੍ਰੰਥ ਜਾਂ ਆਪੂੰ ਬਣਾਏ ਕਿਸੇ ਰਹਿਤਨਾਮੇ ਦੀ ਜੋ ਸਾਨੂੰ ਗੁਰਸਿੱਖਾਂ ਨੂੰ "ਸ਼ਬਦ ਗੁਰੂ" ਨਾਲੋਂ ਤੋੜ ਕੇ, ਆਪੋ ਆਪਣੀ ਘੜੀ ਸਿਖਿਆ ਮੱਗਰ, ਧੱਕੇ ਨਾਲ ਤੋਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਵੀ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੀ ਸਿਖਿਆ ਦਾ ਹੀ ਉਪਦੇਸ਼ ਦਿੱਤਾ ਸੀ ਨਾ ਕਿ ਕਿਸੇ ਹੋਰ ਸੰਤ, ਗ੍ਰੰਥ ਜਾਂ ਰਹਿਤਨਾਮੇ ਦਾ। ਇਸ ਲਈ ਗੁਰਸਿੱਖ ਨੇ "ਸ਼ਬਦ ਗੁਰੂ ਗ੍ਰੰਥ" ਤੋਂ ਹੀ ਸਿੱਖੀ ਦੀ ਪ੍ਰਭਾਸਸ਼ਾ ਤੇ ਸੇਧ ਲੈਂਦੇ-ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ॥(ਮ:੧-੯੪੩) ਹੋਣਾ ਹੈ।

"ਗੁਰਸਿੱਖ" ਸ਼ਬਦ ਦੋ ਲਫਜ਼ਾਂ ਗੁਰ+ਸਿੱਖ ਦਾ ਸੁਮੇਲ ਤੇ "ਸ਼ਬਦ ਗੁਰੂ ਗ੍ਰੰਥ" ਦਾ ਸਿਖਿਆਧਾਰਨੀ ਹੀ ਗੁਰਸਿੱਖ ਹੈ। ਇਸ ਨੂੰ ਸਮਝਣ ਵਾਸਤੇ ਕੁਝ ਉਦਾਹਰਣਾ ਜਿਵੇਂ-ਹਰੇਕ ਚੀਜ਼ ਜਾਂ ਜੀਵ ਦੇ ਆਪਣੇ ਗੁਣ ਤੇ ਫਰਜ ਹੁੰਦੇ ਹਨ ਓਵੇਂ ਹੀ ਗੁਰਸਿੱਖ ਦੇ ਗੁਣ ਤੇ ਫਰਜ ਹਨ। ਜਿਵੇਂ ਕਵਿਤਾ ਲਿਖਣ ਜਾਂ ਬੋਲਣ ਵਾਲਾ ਕਵੀ, ਵਾਰਾਂ ਗੌਣ ਵਾਲਾ ਢਾਡੀ, ਕਥਾ ਕਰਨ ਵਾਲਾ ਕਥਾਵਾਚਕ, ਗਿਆਨ ਦੀਆਂ ਗੱਲਾਂ ਕਰਨ ਵਾਲਾ ਗਿਆਨੀ, ਖੇਤੀ ਕਰਨ ਵਾਲਾ ਕਿਰਸਾਨ, ਲੁਹਾਰੀ ਕਰਨ ਵਾਲਾ ਲੁਹਾਰ, ਸੋਨਾਂ ਘੜਨ ਵਾਲਾ ਸੁਨਾਰ, ਚੰਮ ਦਾ ਕੰਮ ਕਰਨ ਵਾਲਾ ਚਮਾਰ, ਮਿਟੀ ਦੇ ਭਾਂਡੇ ਘੜਨ ਵਾਲਾ ਘੁਮਾਰ, ਹੀਰਿਆਂ ਦੀ ਪਰਖ ਕਰਨ ਵਾਲਾ ਜੌਹਾਰੀ, ਵਾਪਾਰ ਕਰਨ ਵਾਲਾ ਵਾਪਾਰੀ, ਦੁਕਾਨ ਕਰਨ ਵਾਲਾ ਦੁਕਾਨਦਾਰ, ਪਾਠ ਕਰਨ ਵਾਲਾ ਪਾਠੀ, ਵੇਦ ਪੜ੍ਹਨ ਵਾਲਾ ਵੇਦੀ, ਕੁਰਾਨ ਪੜ੍ਹਨ ਤੇ ਪੜਾਉਣ ਵਾਲਾ ਮੁੱਲਾਂ, ਬਾਈਬਲ ਪੜ੍ਹਨ-ਪੜਾਉਣ ਵਾਲਾ ਪਾਦਰੀ, ਗ੍ਰੰਥ ਪੜ੍ਹਨ-ਪੜ੍ਹਾਉਣ ਵਾਲਾ ਗ੍ਰੰਥੀ, ਰਾਗ ਸਿੱਖਣ-ਸਿਖਾਉਣ ਤੇ ਗੌਣ ਵਾਲਾ ਰਾਗੀ। ਵਿਦਿਆ ਪੜ੍ਹਨ ਤੇ ਪੜਾਉਣ ਵਾਲਾ ਵਿਦਵਾਨ, ਖੋਜ ਕਰਨ ਵਾਲਾ ਖੋਜੀ, ਕਾਢਾਂ ਕੱਢਣ ਤੇ ਨਿਰਖ ਪਰਖ ਕਰਨ ਵਾਲਾ ਵਿਗਿਆਨੀ, ਮੈਦਾਨ 'ਚ ਲੜ੍ਹਨ ਵਾਲਾ ਜੋਧਾ, ਡਰਾਈਵ ਕਰਨ ਵਾਲਾ ਡਰਾਈਵਰ, ਠੱਗੀ ਕਰਨ ਵਾਲਾ ਠੱਗ ਅਤੇ ਚੋਰੀ ਕਰਨ ਵਾਲਾ ਚੋਰ ਆਦਿਕ ਇਵੇਂ ਹੀ ਗੁਰੂ ਦੀ ਸਿਖਿਆ ਤੇ ਚੱਲਣ ਤੇ ਹੋਰਨਾਂ ਨੂੰ ਚਲਾਉਣ ਵਾਲਾ ਗੁਰਸਿੱਖ ਹੁੰਦਾ ਹੈ।

ਗੁਰਸਿੱਖੀ ਇੱਕ ਮਾਰਗ ਤੇ ਇਸ ਮਾਰਗ 'ਤੇ ਚੱਲਣ ਵਾਲੇ ਨੂੰ ਹੀ ਗੁਰੂ ਨੇ ਗੁਰਸਿੱਖ ਕਿਹਾ ਹੈ। ਹਰੇਕ 'ਚ ਆਪੋ ਆਪਣੀ ਕਿਰਤ ਤੇ ਕਲਾ ਦੇ ਗੁਣ ਹੁੰਦੇ ਨੇ ਇਵੇਂ ਹੀ ਗੁਰਸਿੱਖ ਦੇ ਵੀ ਗੁਣ, ਸਿਧਾਂਤ ਤੇ ਰੂਲ ਹਨ। ਹੁਣ ਆਪਾਂ ਗੁਰ ਮਾਰਗ ਤੇ ਚੱਲਣ ਵਾਲੇ ਗੁਰਸਿੱਖ ਬਾਰੇ ਵੀਚਾਰ ਕਰਦੇ ਹਾਂ ਕਿ ਅਸਲ ਰੂਪ ਵਿੱਚ ਗੁਰਸਿੱਖ ਕੌਣ ਹੈ?

ਸਿੱਖ ਤੋਂ ਭਾਵ ਸਿਖਿਆਰਥੀ ਜਾਂ ਲਰਨਰ ਤੇ ਗੁਰੂ ਤੋਂ ਭਾਵ ਗਿਆਨ ਦਾਤਾ ਹੈ। ਗੁਰਸਿੱਖ ਦਾ ਸਰੂਪ ਗੁਰਬਾਣੀ 'ਚੋਂ ਉਸਰਦਾ, ਗੁਰਬਾਣੀ ਉਸ ਦੀ ਪ੍ਰਕਿਰਤੀ ਤੇ ਸੁਭਾਅ ਘੜਦੀ ਹੈ। ਅਸਲ 'ਚ ਉਹ ਵਿਅਕਤੀ ਗੁਰਸਿੱਖ ਹੈ ਜਿਸ ਦੀ ਚਾਲ ਗੁਰੂ ਵਰਗੀ, ਗੁਰੂ ਵਾਂਗ ਹੀ ਪਰਉਪਕਾਰੀ ਹੋਵੇ। ਜਿਸ ਦਾ ਮਨ ਗੁਰਪ੍ਰੀਤ ਤੇ ਅਟੱਲ ਵਿਸ਼ਵਾਸ਼ ਨਾਲ ਰੰਗਿਆ ਹੋਵੇ। ਜਿਸ ਦੇ ਜੀਵਨ ਅੰਦਰ ਸਦਾ ਖ਼ੁਸ਼ੀਆਂ ਦੀ ਬਹਾਰ, ਸਦਾ ਚੜਦੀਕਲਾ, ਉਤਸ਼ਾਹ ਤੇ ਉਮਾਹ ਹੋਵੇ। ਜਿਵੇਂ ਮਾਂ ਤੋਂ ਬੱਚੇ ਦਾ ਜਨਮ ਇਵੇਂ ਹੀ ਗੁਰੂ ਤੋਂ ਸਿੱਖ ਦਾ ਜਨਮ ਹੁੰਦਾ ਹੈ। ਉਸ ਨੂੰ ਗੁਰੂ ਤੋਂ ਜੀਵਨ ਦੀ ਨਵੀ ਦ੍ਰਿਸ਼ਟੀ ਮਿਲਦੀ ਅਤੇ ਜੋ ਜੀਵਨ ਮੁਕਤ ਹੋ, ਅਮਰ ਹੋ ਜਾਵੇ ਉਹ ਗੁਰਸਿੱਖ ਹੈ। ਅਜਿਹੇ ਗੁਰਸਿੱਖ ਦੀ ਸਖ਼ਸੀਅਤ ਉਸਾਰੀ ਗੁਰ-ਸੰਗਤ ਵਿੱਚ ਗੁਰੂ-ਗਿਆਨ ਨਾਲ ਘੜੀ ਜਾਂਦੀ ਤੇ ਅਜਿਹੇ ਗੁਣਾਂ ਦੇ ਧਾਰਨੀ ਗੁਰਸਿੱਖ ਅੰਦਰੋਂ ਗੁਰਸਿੱਖੀ ਦੀ ਮਹਿਕ ਆਉਂਦੀ ਹੈ। ਐਸੇ ਗੁਰਸਿਖ ਦੀ ਪਛਾਣ, ਕਰਣੀ ਤੇ ਰਹਿਤ ਦਾ "ਸਬਦ ਗੁਰੂ ਗ੍ਰੰਥ" ਦੀ ਬਾਣੀ ਵਿੱਚ ਜਿਕਰ ਇਸ ਪ੍ਰਕਾਰ ਹੈ-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਜੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪ ਜਪੈ ਅਵਰਹ ਨਾਮ ਜਪਾਵੈ॥(ਮਃ ੪-੩੦੫) ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥(ਮ:੩-੬੦੨) ਨੋਟ-ਨਾਮ ਜਪੇ, ਧਿਆਏ, ਭਾਣੇ 'ਚ ਆਵੇ ਤੇ ਚਰਨੀ ਲੱਗੇ ਤੋਂ ਭਾਵ ਰੱਬੀ ਨਿਯਮਾਂ ਦੀ ਪਾਲਣਾ ਕਰਨਾ ਹੈ।

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥੧੮॥(੫੯੩)

ਬਾਣੀ ਅਨੁਸਾਰ ਗੁਰਸਿੱਖ ਦੀ ਰਹਿਤ-ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ, ਉਦਮ ਕਰਨਾ, ਸੇਵਾ ਕਰਨੀ, ਪਰਉਪਕਾਰੀ ਹੋਣਾ, ਕਰਤੇ ਦੀ ਕਿਰਤ (ਲੋਕਾਈ) ਨਾਲ ਪਿਆਰ ਕਰਨਾ, ਗੁਣ ਗ੍ਰਾਹੀ ਤੇ ਔਗੁਣ ਤਿਆਗੀ ਹੋਣਾ, ਸੱਚ ਧਰਮ ਤੇ ਹੱਕਾਂ ਖਾਤਰ ਤੱਤਪਰ ਰਹਿਣਾ, ਸਰੀਰ ਤੰਦਰੁਸਤ ਰੱਖਣ ਵਾਸਤੇ ਲੋੜੀਂਦੀ ਚੰਗੀ ਖੁਰਾਕ ਖਾਣੀ ਤੇ ਕਸਰਤ ਕਰਨੀ, ਗ੍ਰਿਹਸਤੀ ਹੋਣਾ ਤੇ ਧੀਆਂ ਭੈਣਾਂ ਦੀ ਇਜ਼ਤ ਕਰਨਾ, ਬੱਚਿਆਂ ਨੂੰ ਪਿਆਰ ਤੇ ਬਜੁਰਗਾਂ ਦੀ ਕਦਰ ਕਰਨਾ। ਇਨਸਾਨੀਤ ਤੌਰ ਤੇ ਔਰਤ ਮਰਦ ਬਰਾਬਰ ਸਮਝਦੇ ਕਾਣੀ ਵੰਡ ਨਾ ਕਰਨਾ। ਸਤ, ਸੰਤੋਖ, ਸੰਜਮ, ਦਇਆ, ਧਰਮ, ਖਿਮਾ, ਧੀਰਜ, ਸ਼ਹਿਣਸ਼ੀਲਤਾ, ਭਲਿਆਈ, ਚੜਦੀ ਕਲਾ ਆਦਿਕ ਸ਼ੁਭ ਗੁਣਾ ਦਾ ਧਾਰਨੀ ਹੋਣਾ। ਜਾਤ-ਪਾਤ, ਛੂਆ-ਛਾਤ ਤੋਂ ਉੱਪਰ ਉੱਠ ਇਨਸਾਨੀਅਤ ਦੀ ਕਦਰ ਕਰਨਾ। ਹੋਰ ਸੰਤਾਂ-ਗ੍ਰੰਥਾਂ ਦੀ ਥਾਂ "ਸ਼ਬਦ ਗੁਰੂ ਗ੍ਰੰਥ" ਤੋਂ ਸੇਧ ਲੈਣੀ, ਮੜੀਆਂ ਮੱਟਾਂ ਤੇ ਡੇਰੇਦਾਰ ਸਾਧਾਂ ਦੇ ਮੱਗਰ ਨਾ ਲੱਗਣਾ। ਹੋਰ ਇਤਿਹਾਸ ਤੇ ਫਿਲਾਸਫੀ ਸ਼ਬਦ ਗੁਰੂ ਦੀ ਕਸਵੱਟੀ ਤੇ ਪਰਖਣੀ, ਵੱਧ ਤੋਂ ਵੱਧ ਵਿਦਿਆ ਸਿਖਣੀ, ਪੜ੍ਹਨੀ ਤੇ ਪੜ੍ਹਾਉਣੀ, ਬਿਲਡਿੰਗਾਂ ਦੀ ਥਾਂ ਕੌਮ ਦੀ ਉਸਾਰੀ ਕਰਨਾ।

ਕਿਸੇ ਰਾਗ, ਵਿਦਿਆ, ਕਵਿਤਾ, ਬੋਲੀ, ਨਸਲ, ਕੌਮ ਤੇ ਦੇਸ਼ ਨਾਲ ਨਫਰਤ ਨਾ ਕਰਨੀ ਤੇ ਮਾਂ ਬੋਲੀ ਨਾਲ ਬਾਕੀ ਬੋਲੀਆਂ ਦਾ ਵੀ ਸਤਿਕਾਰ ਕਰਨਾ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਕਾਬੂ ਰੱਖਣਾ। ਵਿਸ਼ੇ-ਵਿਕਾਰਾਂ ਤੋਂ ਬਚਣਾ ਤੇ ਮਾਰੂ ਨਸ਼ੇ ਨਾ ਵਰਤਣੇ। ਨੰਗੇਜਵਾਦ ਤੇ ਭੜਕੀਲੇ ਫੈਸ਼ਨਾਂ ਤੋਂ ਬਚਦੇ ਸਾਦ ਮੁਰਾਦਾ ਚੰਗਾ ਜੀਵਣ ਜੀਣਾ। ਗਿਆਨ-ਵਿਗਿਆਨ ਦੀ ਕਦਰ ਕਰਨਾ, ਲੋਕ ਲਾਜ ਤੋਂ ਉਪਰ ਉੱਠ ਰੂੜੀਵਾਦੀ ਰੀਤਾਂ ਰਸਮਾਂ ਤਿਆਗਣੀਆਂ। ਹਰ ਵੇਲੇ ਅਧੁਨਿਕ ਹੋ ਅੱਗੇ ਵਧਣਾ, ਲਕੀਰ ਦੇ ਫਕੀਰ ਨਾ ਹੋਣਾ, ਕੁਦਰਤ ਨਾਲ ਪਿਆਰ ਕਰਨਾ ਆਦਿਕ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਅਨੁਸਾਰ ਇਹ ਗੁਰਸਿੱਖ ਦੀ ਰਹਿਤ ਹੈ। ਐਸੇ ਗੁਣਾ ਦਾ ਧਾਰਨੀ ਤੇ ਪਾਂਧੀ ਹੀ ਗੁਰਸਿੱਖ ਪਰ ਕੇਵਲ ਭੇਖਧਾਰੀ, ਕਰਮਕਾਂਡੀ ਤੇ ਅੰਧਵਿਸ਼ਵਾਸ਼ੀ ਨੂੰ ਗੁਰਸਿੱਖ ਨਹੀ ਕਿਹਾ ਜਾ ਸਕਦਾ।

# ਬਾਬਾ ਸਾਹਿਬ ਦਾ ਸਾਹਿਤ ਰੀਪ੍ਰਿੰਟ ਕੀਤਾ ਜਾਵੇ - ਸਮਤਾ ਸੈਨਿਕ ਦਲ, ਪ੍ਰਧਾਨ ਮੰਤਰੀ ਨੂੰ ਡਿਪਟੀ ਕਮਿਸ਼ਨਰ ਜਲੰਧਰ ਰਾਹੀ ਦਿੱਤਾ ਮੰਗ ਪੱਤਰ

**ਜਲੰਧਰ (ਤਰਸੇਮ ਜਲੰਧਰੀ)-** ਆਲ ਇੰਡੀਆ ਸਮਤਾ ਸੈਨਿਕ ਦਲ ਦੀ ਲਗਨ, ਸਖਤ ਮਿਹਨਤ ਅਤੇ ਸੰਘਰਸ਼ ਦੇ ਕਾਰਨ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਹੱਥ-ਲਿਖਤਾਂ ਦੇ ਆਧਾਰ 'ਤੇ ਪਹਿਲਾ ਖੰਡ 1979 ਵਿਚ ਅੰਗ੍ਰੇਜ਼ੀ ਵਿਚ ਛਾਪਿਆ ਗਿਆ ਸੀ. ਹੁਣ ਤੱਕ, "ਡਾ. ਬਾਬਾ ਸਾਹਿਬ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਜ਼" ਦੇ ਸਿਰਲੇਖ ਹੇਠ ਅੰਗਰੇਜ਼ੀ ਦੇ 22 ਖੰਡ ਪ੍ਰਕਾਸ਼ਿਤ ਕੀਤੇ ਗਏ ਹਨ, ਜੋ ਕਿ ਪ੍ਰਕਾਸ਼ ਸਤੰਭ ਸਾਬਤ ਹੋ ਰਹੇ ਹਨ. ਇਹ ਗੱਲ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇਕ ਪ੍ਰੈਸ ਬਿਆਨ ਵਿੱਚ ਕਿਹੀ. ਸ਼੍ਰੀ ਵਰਿਆਣਾ ਨੇ ਅੱਗੇ ਕਿਹਾ ਕਿ ਇਨ੍ਹਾਂ ਖਰੜਿਆਂ ਦੇ ਪ੍ਰਕਾਸ਼ਨ ਲਈ, ਦਲ ਦੇ ਸੀਨੀਅਰ ਸੈਨਿਕ ਸ੍ਰੀ ਐਲ.ਆਰ. ਬਾਲੀ ਅਤੇ ਸ੍ਰੀ ਜੀ.ਬੀ. ਬੰਨਸੋਡ (ਐਡਵੋਕੇਟ) ਦੀ ਪ੍ਰੇਰਨਾ ਨਾਲ ਦਲ ਨੇ ਨਾਗਪੁਰ ਵਿੱਚ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਕਈ ਵਾਰ ਪ੍ਰਦਰਸ਼ਨ ਕੀਤਾ ਸੀ. ਉਸ ਤੋਂ ਬਾਅਦ ਦਲ ਦੇ 20 ਸੈਨਿਕ ਮੁੰਬਈ ਚਲੇ ਗਏ ਅਤੇ ਓਥੇ ਉਨ੍ਹਾਂ ਨੇ ਮੁੰਬਈ ਵਿਚ ਜਨ ਜਾਗਰਣ ਕੀਤਾ. ਫਿਰ 4 ਅਕਤੂਬਰ 1986 ਨੂੰ, ਇਕ ਵੱਡੇ 'ਅਪ੍ਰਕਾਸ਼ਿਤ ਗਰੰਥ ਸੰਮੇਲਨ' ਦਾ ਆਯੋਜਨ ਕੀਤਾ ਗਿਆ ਅਤੇ ਸਰਕਾਰ ਨੂੰ ਇਹ ਚੇਤਾਵਨੀ ਦਿਤੀ ਗਈ ਕਿ "ਜੇ ਸਰਕਾਰ ਅਪ੍ਰਕਾਸ਼ਿਤ ਖਰੜਿਆਂ ਨੂੰ ਪ੍ਰਕਾਸ਼ਿਤ ਕਰਨ ਦਾ ਫੈਸਲਾ ਨਹੀਂ ਕਰਦੀ ਤਾਂ ਦੇਸ਼ ਭਰ ਵਿਚ ਇਕ ਬਹੁਤ ਬੜਾ ਅੰਦੋਲਨ ਕੀਤਾ ਜਾਵੇਗਾ." ਦੂਜੇ ਦਿਨ ਪ੍ਰੈਸ ਕਾਨਫਰੰਸ ਵਿਚ ਇਸ ਚੇਤਾਵਨੀ ਨੂੰ ਦੁਹਰਾਇਆ ਗਿਆ। ਇਸ ਤੇ ਮਹਾਰਾਸ਼ਟਰ ਸਰਕਾਰ ਦੀ ਤਰਫੋਂ ਇਹ ਘੋਸ਼ਣਾ ਕੀਤੀ ਗਈ ਕਿ ਸਰਕਾਰ ਖਰੜੇ ਪ੍ਰਕਾਸ਼ਤ ਕਰੇਗੀ। ਮਹਾ ਰਾਸ਼ਟਰ ਸਰਕਾਰ ਨੇ "ਡਾ. ਬਾਬਾ ਸਾਹਿਬ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਜ਼" ਦੇ ਸਿਰਲੇਖ ਹੇਠ ਅੰਗਰੇਜ਼ੀ ਦੇ 22 ਖੰਡ ਪ੍ਰਕਾਸ਼ਿਤ ਕੀਤੇ। ਉਸ ਤੋਂ ਬਾਅਦ, ਜਨਵਰੀ, 2014 ਵਿੱਚ, ਡਾ.ਅੰਬੇਡਕਰ ਫਾਉਂਡੇਸ਼ਨ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਭਾਰਤ ਸਰਕਾਰ ਦੁਆਰਾ ਖੰਡ 1 ਤੋਂ 17 ਨੂੰ ਦੁਬਾਰਾ ਪ੍ਰਿੰਟ ਕੀਤਾ ਗਿਆ ਸੀ। ਹੁਣ ਇਹ ਸਾਰਾ ਸਟਾਕ ਪੂਰਾ ਖਤਮ ਹੋ ਗਿਆ ਹੈ ਅਤੇ ਕਿਤੇ ਵੀ ਉਪਲਬਧ ਨਹੀਂ ਹੈ. ਇਸ ਲਈ ਆਲ ਇੰਡੀਆ ਸਮਤਾ ਸੈਨਿਕ ਦਲ ਇਹ ਮੰਗ ਕਰਦਾ ਹੈ ਕਿ ਡਾ. ਬਾਬਾ ਸਾਹਿਬ ਅੰਬੇਡਕਰ ਦਾ ਸਾਹਿਤ "ਡਾ. ਬਾਬਾ ਸਾਹਿਬ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਜ਼" ਦੇ 22 ਖੰਡ ਦੁਬਾਰਾ ਸਰਕਾਰ ਦੁਆਰਾ ਜਲਦੀ ਛਾਪੇ ਜਾਣ. ਇਸ ਸਬੰਧ ਵਿੱਚ ਡਿਪਟੀ ਕਮਿਸ਼ਨਰ ਜਲੰਧਰ ਰਾਹੀਂ ਪ੍ਰਧਾਨ ਮੰਤਰੀ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ ਹੈ। ਇਸ ਮੌਕੇ ਵਰਿੰਦਰ ਕੁਮਾਰ, ਜਸਵਿੰਦਰ ਵਰਿਆਣਾ, ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ, ਬਲਵਿੰਦਰ ਬੰਗਾ, ਸੋਹਨ ਲਾਲ ਡੀ.ਪੀ.ਆਈ. (ਰਿਟਾ.), ਐਡਵੋਕੇਟ ਵਰੁਣ ਸਿੱਧੂ ਅਤੇ ਡਾ. ਜੀ.ਸੀ. ਕੌਲ ਹਾਜਰ ਸਨ।



# ਲੀਡਰ ਵੀ ਲੋਕ ਹਿਤੈਸੀ ਬਣਨ

ਪੰਜਾਬ ਦਾ ਜਾਣਿਆਂ ਪਹਿਚਾਣਿਆ ਚਿਹਰਾ ਲੱਖਾ ਸਿਧਾਣਾ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਅੱਜ ਉਹ ਲੋਕਾਂ ਲਈ ਹਰ ਵੇਲੇ, ਹਰ ਸਮੇਂ ਸੇਵਾ ਵਿੱਚ ਜੁਟਿਆ ਹੋਇਆ ਹੈ। ਉਸ ਵੱਲੋਂ ਜੇਲ੍ਹ ਅੰਦਰ ਕੈਦੀਆ ਦੀ ਦੁਰਦਸ਼ਾ ਬਾਰੇ ਖੁਲਾਸਾ ਕਰਨਾ, ਡਾਕਟਰਾਂ ਵੱਲੋਂ ਮਰੀਜ਼ਾ ਨਾਲ ਕੀਤੀ ਜਾਂਦੀ ਭਾਰੀ ਲੁੱਟ ਨੂੰ ਰੋਕਣਾ, ਰੁੱਖ ਲਗਾਉ ਮੁਹਿੰਮ ਦਾ ਵੱਡੇ ਪੱਧਰ ਤੇ ਆਗਾਜ਼ ਕਰਨਾ, ਪੰਜਾਬੀ ਮਾਂ ਬੋਲੀ ਲਈ ਅਹਿਮ ਕਦਮ ਚੁੱਕਣੇ, ਨਸ਼ਿਆਂ ਖ਼ਿਲਾਫ਼ ਮੋਰਚਾ ਖੋਲ੍ਹਣਾ, ਅਖੌਤੀ ਡੇਰਿਆਂ ਵੱਲੋਂ ਜੰਗਲਾਤ ਮਹਿਕਮੇ ਦੀਆਂ ਜ਼ਮੀਨਾਂ ਤੇ ਨਜਾਇਜ ਉਸਾਰੀ ਨੂੰ ਰੋਕਣਾ, ਅਤੇ ਲੋਕਾਂ ਦੀਆਂ ਹੋਰ ਅਨੇਕਾਂ ਸਮੱਸਿਆਵਾਂ ਦਾ ਹੱਲ ਕਰਨਾ ਸ਼ੋਭਾਜਨਕ ਅਜਿਹਾ ਸਭ ਕੁਝ ਸਰਕਾਰ ਦੇ ਨੁਮਾਇੰਦੇ ਕਿਉਂ ਨਹੀਂ ਕਰ ਰਹੇ। ਸਰਕਾਰ ਕੋਲ ਬੇਸ਼ੁਮਾਰ ਪਾਵਰਾ ਹੁੰਦੀਆਂ ਹਨ। ਪਰ ਉਹ ਲੀਡਰ ਤਾਂ ਸਭ ਕੁਝ ਜਾਣਦੇ ਹੋਏ ਵੀ ਲੋਕ ਹਿੱਤਾਂ ਨੂੰ ਛੱਡ ਕੇ ਆਪਣੇ ਨਿੱਜੀ ਹਿੱਤਾਂ ਤੇ ਹੀ ਪਹਿਰਾ ਦਿੰਦੇ ਹਨ। ਅਜਿਹਾ ਕਰਨ ਨਾਲ ਪੰਜਾਬ ਤੇ ਪੰਜਾਬੀਅਤ ਦਾ ਘਾਣ ਹੁੰਦਾ ਹੈ।ਚੰਗਾ ਹੋਵੇ ਜੇ ਹਰ ਇੱਕ ਲੀਡਰ ਲੱਖੇ ਸਿਧਾਣੇ ਵਾਗ ਲੋਕ ਹਿਤੈਸੀ ਬਣ ਕੇ ਸਮੁੱਚੇ ਪੰਜਾਬ ਦੇ ਭਲੇ ਬਾਰੇ ਸੋਚੇ।

**– ਨਵਜੋਤ ਬਜਾਜ (ਗੱਗੂ)** 91-98721-02614


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ) ਸੈਕਰਾਮੈਂਟੋ/ਯੂਬਾ ਸਿਟੀ ਦੀ ਮਹੀਨਾਵਾਰ ਮੀਟਿੰਗ ਅਤੇ ਕਵੀ ਦਰਬਾਰ





**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ/ ਯੂਬਾ ਸਿਟੀ ਦੀ ਮਹੀਨਾਵਾਰ ਮੀਟਿੰਗ ਅਤੇ ਕਵੀ ਦਰਬਾਰ, ਐਤਵਾਰ ਜੁਲਾਈ 28-2019 ਬਾਅਦ ਦੁਪਹਿਰ, 5640 ਔੱਬਰਨ ਬੁਲੇਵਾਰਡ ਸੈਕਰਾਮੈਂਟੋ ਵਿਖੇ ਮਾਊਂਟੇਨ ਮਾਈਕ ਪੀਜਾ ਦੇ ਕਾਨਫਰੰਸ ਹਾਲ ਵਿੱਚ ਹੋਈ! ਪਹਿਲਾ ਇੱਕ ਘੰਟਾ ਕਾਰਜਕਾਰੀ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ ਸਭਾ ਦੀ ਟੀਮ ਵਲੋਂ ਗੁਰੂ ਨਾਨਕ ਸਾਹਿਬ ਜੀ ਦੇ 550 ਵੇਂ ਜਨਮ ਦਿਵਸ ਤੇ ਸਭਾ ਵਲੋਂ ਇੱਕ ਧਾਰਮਿਕ ਕਵਿਤਾਵਾਂ , ਗੀਤਾਂ ਦੀ ਕਿਤਾਬ ਸਭਾ ਦੇ ਮੈਂਬਰ ਲੇਖਕਾਂ ਅਤੇ ਹੋਰ ਵੀ ਸਾਥੀ ਲੇਖਕਾਂ ਦੀਆਂ ਗੁਰੂ ਨਾਨਕ ਜੀ ਦੇ ਜਨਮ, ਜੀਵਨ ਜਾਂ ਗੁਰਬਾਣੀ ਨਾਲ ਸਬੰਧਿਤ ਰਚਨਾਵਾਂ ਨਾਲ ਛਪਵਾਉਣ ਵਾਰੇ ਫੈਸਲਾ ਕੀਤਾ ਗਿਆ! ਇਸ ਖਬਰ ਰਾਹੀ ਸਾਰੇ ਲੇਖਕਾਂ ਨੂੰ ਸੂਚਿਤ ਵੀ ਕੀਤਾ ਜਾਂਦਾ ਹੈ ਅਤੇ ਬੇਨਤੀ ਵੀ ਕੀਤੀ ਜਾਂਦੀ ਹੈ ਕਿ ਆਪਣੀਆਂ ਦੋ-ਚਾਰ ਰਚਨਾਵਾਂ ਹੇਠ ਲਿਖੇ ਨੰਬਰਾਂ ਤੇ ਭੇਜਣ! ਰਚਨਾਵਾਂ ਵੱਟਸਐਪ ਜਾਂ ਮੈਸੈਜਰ ਤੇ ਵੀ ਭੇਜੀਆਂ ਜਾ ਸਕਦੀਆਂ ਹਨ! ਕਾਰਜਕਾਰੀ ਦੀ ਮੀਟਿੰਗ ਤੋਂ ਬਾਅਦ ਸਭਾ ਦੇ ਜਨਰਲ ਸਕੱਤਰ ਰਮੇਸ਼ ਬੰਗੜ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ, ਪ੍ਰਧਾਨਗੀ ਮੰਡਲ ਲਈ ਸਭਾ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਥਰੀਕੇ, ਸਹਾਇਕ ਸਕੱਤਰ ਜੋਤੀ ਸਿੰਘ, ਮੇਜਰ ਭੁਪਿੰਦਰ ਸਿੰਘ ਦਲੇਰ ਅਤੇ ਉੱਪ ਪ੍ਰਧਾਨ ਕਮਲ ਬੰਗਾ ਜੀ ਨੂੰ ਸੱਦਾ ਦਿੱਤਾ! ਅਤੇ ਇੰਦਰਜੀਤ ਸਿੰਘ ਗਰੇਵਾਲ ਨੇ ਆਏ ਹੋਏ ਹਾਜਰ ਮਹਿਮਾਨਾਂ, ਲੇਖਕ ਸਾਥੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਹਿੰਦੇ ਹੋਏ ਸਭਨਾਂ ਦਾ ਮੀਟਿੰਗ ਦੀ ਰੌਣਕ ਵਿੱਚ ਵਾਧਾ ਕਰਨ ਲਈ ਧੰਨਵਾਦ ਕੀਤਾ ਗਿਆ!



ਉਪਰੰਤ ਸਭਾ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਪ੍ਰੋ. ਮੁਖਤਿਆਰ ਸਿੰਘ ਗਿੱਲ ਅਤੇ ਹਰਿੰਦਰਪਾਲ ਸਿੰਘ ਹੁੰਦਲ ਦੇ ਨਾਲ ਮਹਿਮਾਨ ਕੁਲਵੰਤ ਸਿੰਘ ਬਾਠ (ਦਿੱਲੀ ਗੁਰੂਦਵਾਰਾ ਪ੍ਰਬੰਧਕ ਕਮੇਟੀ) ਨੇ ਸਭਾ ਨਾਲ ਆਪਣੇ ਵਿਚਾਰ ਸਾਂਝੇ ਕੀਤੇ! ਮਨਜੀਤ ਮਾਈਕ ਰੱਲ ਨੇ ਆਪਣੀ ਮਧੁਰ ਅਵਾਜ ਵਿੱਚ ਗੀਤ ਗਾਕੇ ਹਾਜਰੀਨ ਸਰੋਤਿਆਂ ਨੂੰ ਅਨੰਦਿਤ ਕਰ ਦਿੱਤਾ!

ਸਭਾ ਵਲੋਂ ਕੀਤੀ ਲੰਚ ਬਰੇਕ ਤੋਂ ਬਾਅਦ ਜਨਰਲ ਸਕੱਤਰ ਰਮੇਸ਼ ਬੰਗੜ ਦੀ ਕਾਵਿਕ ਕਿਤਾਬ "ਪੰਛੀ ਤੇ ਪਰਵਾਜ" ਅਤੇ ਪ੍ਰੋ. ਕੰਵਲਜੀਤ ਬਾਜਵਾ ਜੀ ਦੀ ਕਿਤਾਬ "ਸੁਲਗਦਾ ਸ਼ਮਾਦਾਨ" ਲੋਕ ਅਰਪਿਤ ਕੀਤੀਆਂ ਗਈਆਂ! ਅਤੇ ਗਰੁੱਪ ਫੋਟੋ ਅਰਸ਼ਦੀਪ ਗਰੇਵਾਲ ਅਤੇ ਗੁਰਿੰਦਰ ਸੂਰਾਪੁਰੀ ਨੇ ਕੀਤੀ! ਉਪਰੰਤ ਕਵੀ ਦਰਬਾਰ ਹੋਇਆ ਜਿਸ ਵਿੱਚ ਪਹੁੰਚੇ ਹੋਈ ਮਾਂ ਬੋਲੀ ਪੰਜਾਬੀ ਦੇ ਪਿਆਰਿਆਂ ਨੇ ਆਪੋ ਆਪਣੀਆਂ ਰਚਨਾਵਾਂ , ਗੀਤਾਂ ਗਜ਼ਲਾਂ ਅਤੇ ਕਵਿਤਾਵਾਂ ਨਾਲ ਹਾਜਰੀ ਲਵਾਈ ! ਕਵੀ ਦਰਵਾਰ ਵਿੱਚ ਕਮਲ ਬੰਗਾ, ਜੋਤੀ ਸਿੰਘ, ਦਿਲ ਨਿੱਜਰ, ਗੁਰਿੰਦਰ ਸੂਰਾਪੁਰੀ, ਜਸ ਫਿਜਾ, ਜਸਵੰਤ ਸ਼ੀਮਾਰ, ਗੁਰਦੀਪ ਕੌਰ, ਬਲਜੀਤ ਕੌਰ ਬਾਸੀ, ਜੋਗਿੰਦਰ ਕੌਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਅਜੈਬ ਚੀਮਾ, ਗੁਰਮੀਤ ਸਿੰਘ ਬਾਸੀ, ਜਸਵਿੰਦਰ ਮਦਾਰਾ, ਫਕੀਰ ਸਿੰਘ ਮੱਲੀ, ਤਤਿੰਦਰ ਕੌਰ, ਮੇਜਰ ਭੁਪਿੰਦਰ ਦਲੇਰ, ਮਨਜੀਤ ਰੱਲ, ਜੀਵਨ ਰੱਤੂ, ਪ੍ਰੇਮ ਕੁਮਾਰ ਚੁੰਬਰ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਗਰਜਤਿੰਦਰ ਸਿੰਘ ਰੰਧਾਵਾ ਬਾਹਰ ਹੋਣ ਕਾਰਨ ਪਹੁੰਚ ਨਹੀ ਸਕੇ ਅਤੇ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਨੇ ਆਪਣੀਆਂ ਰਚਨਾਵਾਂ ਸੁਣਾਕੇ ਸ਼ਾਮ ਦੀ ਮਹਿਫਲ ਨੂੰ ਹੁਸੀਨ ਬਣਾ ਦਿੱਤਾ!

ਪਸਸਕ ਦੇ ਸ੍ਰਪਰਸਤ ਸ੍ਰ: ਮਹਿੰਦਰ ਸਿੰਘ ਘੱਗ ਵੀ ਆਪਣੀ ਸਿਹਤ ਠੀਕ ਨਾ ਹੋਣ ਕਾਰਣ ਪਹੁੰਚ ਨਹੀ ਸਕੇ ਪਰ ਫੋਨ ਕਰਕੇ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ ! ਮੀਟਿੰਗ ਵਿੱਚ ਪਹੁੰਚੇ ਸਾਹਿਤਕ ਪ੍ਰੇਮੀਆਂ ਨੂੰ ਰਮੇਸ਼ ਬੰਗੜ ਜੀ ਨੇ ਪੀਜਾ ਖੁਆਇਆ ਅਤੇ ਜੋਤੀ ਸਿੰਘ ਜੀ ਨੇ ਚਾਹ ਪਿਆਈ ! ਗੁਰਿੰਦਰ ਸੂਰਾਪੁਰੀ ਅਤੇ ਅਰਸ਼ਦੀਪ ਗਰੇਵਾਲ ਨੇ ਫੋਟੋਜ ਅਤੇ ਵੀਡੀਓਜ ਦੀ ਸੇਵਾ ਨਿਭਾਈ! ਸਭਾ ਦੀ ਅਗਲੀ ਮਾਸਿਕ ਇਕੱਤਰਤਾ ਅਤੇ ਕਵੀ ਦਰਵਾਰ ਅਗਸਤ ਪੱਚੀ ਦਿਨ ਐਤਵਾਰ ਨੂੰ ਬਾਅਦ ਦੁਪਹਿਰ ਹੋਵੇਗੀ! ਸਹੀ ਸਮਾਂ ਤੇ ਸਥਾਨ ਜਲਦੀ ਦੱਸ ਦਿੱਤਾ ਜਾਵੇਗਾ ! ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ/ ਯੂਬਾ ਸਿਟੀ ਨਾਲ ਜੁੜਨ ਲਈ ਅਤੇ ਸਭਾ ਦੀ ਗਤਿਵਿਧੀਆਂ ਵਿੱਚ ਹਾਜਰ ਹੋਣ ਲਈ ਜਾਂ ਕਿਸੇ ਵੀ ਕਿਸੇ ਦੀ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ - ਇੰਦਰਜੀਤ ਸਿੰਘ ਗਰੇਵਾਲ ਥਰੀਕੇ (ਪ੍ਰਧਾਨ) 916-248-1535 ਜਾਂ ਰਮੇਸ਼ ਬੰਗੜ (ਜਨਰਲ ਸਕੱਤਰ) 916-821-2175

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ ਵੱਲੋਂ ਹਰਮੀਤ ਸਿੰਘ ਅਟਵਾਲ ਜੀ ਦਾ ਸਨਮਾਨ ਤੇ ਦੋ ਨਵੀਆਂ ਗਜ਼ਲ ਦੀਆਂ ਕਿਤਾਬਾਂ ਰਿਲੀਜ਼







**ਯੂਬਾ ਸਿਟੀ–** ਅਮਰੀਕਾ ਦੀ ਪਲੇਠੀ ਸਾਹਿਤਕ ਸੰਸਥਾ, ਸਾਹਿਤ ਸਭਾ ਯੂਬਾ ਸਿਟੀ, ਕੈਲੇਫੋਰਨੀਆਂ ਵੱਲੋਂ ਯੂਬਾ ਸਿਟੀ ਸ਼ਹਿਰ ਵਿਚ ਇਕ ਖਾਸ ਪ੍ਰੋਗਰਾਮ ਆਯੋਜਿਤ ਕਰਕੇ ,ਪੰਜਾਬੀ ਜ਼ੁਬਾਨ ਦੇ ਚਰਚਿਤ ਆਲੋਚਕ ਅਤੇ ਸਾਹਿਤਕਾਰ ਸਰਦਾਰ ਹਰਮੀਤ ਸਿੰਘ ਅਟਵਾਲ ਜੀ ਨੂੰ ਉਹਨਾਂ ਦੀਆਂ ਸਹਿਤ ਸਬੰਧੀ ਪ੍ਰਾਪਤੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਨਮਾਨਿਤ ਕੀਤਾ ਗਿਆ, ਸਭਾ ਦੇ ਸੀਨੀਅਰ ਮੈਂਬਰ ਹਰਬੰਸ ਸਿੰਘ ਜਗਿਆਸੂ ਜੀ ਨੇ ਹਰਮੀਤ ਸਿੰਘ ਅਟਵਾਲ ਜੀ ਦਾ ਕਸ਼ਮੀਰੀ ਸ਼ਾਲ ਪਹਿਨਾ ਕੇ ਸਨਮਾਨ ਕੀਤਾ, ਸਭਾ ਦੀ ਰੂਹ ਅਤੇ ਲੇਖਕ ਬੌਬੀ ਗੋਸਲ ਜੀ ਨੇ ਅਟਵਾਲ ਸਾਹਿਬ ਨੂੰ ਸਭਾ ਵਲੋਂ ਮੈਡਲ ਪਹਿਨਾ ਕੇ ਉਹਨਾਂ ਦਾ ਸਨਮਾਨ ਕੀਤਾ,ਵਾਰੀ ਵਾਰੀ ਸਭ ਆਏ ਦੋਸਤਾਂ ਤੇ ਸਭਾ ਦੇ ਮੈਂਬਰਾਂ ਨੇ ਅਟਵਾਲ ਜੀ ਦੀਆਂ ਸਾਹਿਤਕ ਦੇਣਾ ਵਾਰੇ ਆਪਣੇ ਵਿਚਾਰ ਦੱਸੇ।

ਉਪਰੰਤ ਸਭਾ ਦੇ ਰੂਹ-ਏ-ਰਵਾਂ ਇਕਵਿੰਦਰ ਸਿੰਘ ਜੀ ਦੀਆਂ ਦੋ ਨਵੀਆਂਪੁਸਤਕਾਂ " ਜ਼ੁਬਾਨ ਫੁੱਲਾਂ ਦੀ" ਅਤੇ "ਜ਼ਿੰਦਗੀ ਨੇ ਪੈਲ ਪਾਈ " ਰਲੀਜ਼ ਕੀਤੀਆਂ ਗਈਆਂ।

ਇਸ ਸਮੇਂ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ, ਕੈਲੇਫੋਰਨੀਆਂ ਦੇ ਫਾਂਉਡਰ ਸਰਦਾਰ ਜਸਪਾਲ ਸੂਸ ਜੀ ਖਾਸ ਤੌਰ ਤੇ ਪਹੁੰਚੇ ਹੋਏ ਸਨ, ਉਹਨਾਂ ਨੇ ਸਭਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਕੌੜੇ-ਮਿੱਠੇ ਸਫ਼ਰ ਵਾਰੇ ਵਿਸਥਾਰ ਨਾਲ ਚਾਨਣਾ ਪਾਇਆ,ਤੇ ਦੱਸਿਆ ਕੀ ਉਹਨਾਂ ਦਾ ਸਾਹਿਤਕ ਸਫ਼ਰ ਵੀ ਇਸ ਸਭਾ ਤੋਂ ਹੀ ਸ਼ੁਰੂ ਹੋਇਆ ਸੀ.।

ਰਣਜੀਤ ਸਿੰਘ ਜੌਹਲ, ਰਮਣੀਕ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਸਮੇਂ ਦੀ ਘਾਟ ਕਰਕੇ ਉਸਤਾਦ ਗਜ਼ਲਗੋ ਕਮਲ ਪਾਲ, ਮੁਹਿੰਦਰ ਸਿੰਘ ਘੱਗ, ਹਰਭਜਨ ਸਿੰਘ ਗਿੱਲ, ਸੰਤੋਖ ਗਿੱਲ, ਪਾਲ ਸੰਧਰ ਬਲਬੀਰ ਸਿੰਘ ਤੇ ਐਨ. ਐਸ ਸੌਦਾਗਰ ਸਾਹਿਬ ਤੇ ਸਭਾ ਦੇ ਕੁਝ ਹੋਰ ਮੈਂਬਰ ਪ੍ਰੋਗਰਾਮ ਵਿਚ ਹਿਸਾ ਨਹੀਂ ਲੈ ਸਕੇ।

ਇਸ ਮੌਕੇ ਉੱਤੇ ਪੰਜਾਬ ਦੀ ਚਰਚਿਤ ਪੰਜਾਬੀ ਸਾਹਿਤ ਸਭਾ ਜਲੰਧਰ ਛਾਉਣੀ ਨੇ ਵੀ ਪੰਜਾਬੀ ਸਾਹਿਤ ਸਭਾ ਯੂਬਾ ਯੂਬਾ ਸਿਟੀ ਨਾਲ ਜੁੜਨ ਦਾ ਫੈਸਲਾ ਕੀਤਾ ਹੈ, ਜਿਸਨੂੰ ਸਭਾ ਦੇ ਸਮੂਹ ਮੈਂਬਰਾਂ ਨੇ ਮੇਜ਼ ਥਪ-ਥਪਾਕੇ ਸੁਵਾਗਤ ਕੀਤਾ।

ਸਰਬ ਸੰਮਤੀ ਨਾਲ ਫੈਸਲਾ ਵੀ ਕੀਤਾ ਗਿਆ ਕਿ ਭਵਿਖ ਵਿੱਚ ਬਹੁਤ ਜ਼ਲਦੀ ਵਿਸ਼ਵ ਕਾਂਨਫਰੰਸਾਂ ਦੀ ਲੜੀ ਵੀ ਚਲਾਈ ਜਾਵੇਗੀ,ਜਿਸ ਵਿੱਚ ਵਿਸ਼ਵ ਭਰ ਦੇ ਪਰਪੱਕ ਸਾਹਿਤਕਾਰ ਭਾਗ ਲੈਂਣਗੇ. ਆਂਉਦੇ ਸਮਿਆਂ ਵਿੱਚ ਬਹੁਤ ਪ੍ਰੋਗਰਾਮ ਉਲੀਕੇ ਜਾ ਰਹੇ ਹਨ, ਜਿਹਨਾ ਦਾ ਵੇਰਵਾ ਵੀ ਆਉਦੇ ਦਿਨਾ ਵਿਚ ਜਰੂਰ ਦਿੱਤਾ ਜਾਵੇਗਾ।



ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਲੰਘੇ ਐਤਵਾਰ 28 ਜੁਲਾਈ 2019 ਨੂੰ ਸ੍ਰੀ ਬਲਜੀਤ ਸਿੰਘ ਇਟਲੀ ਦੇ ਪੋਤਰੇ ਸ. ਕੁਲਦੀਪ ਸਿੰਘ ਦਾ ਸਿਰੋਪਾਓ ਨਾਲ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ।

'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਲਾਜ ਨੀਲਮ ਸੈਣੀ ਦੀਆਂ ਦੋ ਕਾਵਿ-ਪੁਸਤਕਾਂ ਨੂੰ ਭਰਵਾਂ ਹੁੰਗਾਰਾ









**ਫਰੀਮਾਂਟ:** ਬੀਤੇ ਦਿਨੀਂ ਵਿਪਸਾ ਵਲੋਂ ਗੋਲਡਨ ਇੰਡੀਆ ਕੁਜ਼ੀਨ ਰੈਸਟੋਰੈਂਟ ਵਿਖੇ ਲਾਜ ਨੀਲਮ ਸੈਣੀ ਦੀਆਂ ਦੋ ਕਾਵਿ ਪੁਸਤਕਾਂ 'ਇਨਸਾਨੀ ਰੇਲ' (ਬਾਲ-ਕਾਵਿ ਸੰਗ੍ਰਹਿ) ਅਤੇ 'ਅਕਸ' ਇੱਕ ਭਰਵੀਂ ਇਕੱਤਰਤਾ ਵਿਚ ਲੋਕ ਅਰਪਿਤ ਕੀਤੀਆਂ ਗਈਆਂ।ਵਿਪਸਾ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਆਏ ਮਹਿਮਾਨਾਂ ਨੂੰ ਜੀਅ ਆਇਆਂ ਕਿਹਾ ਅਤੇ ਪ੍ਰੋਗਰਾਮ ਦੀ ਰੂਪ ਰੇਖਾ ਦੱਸਦੇ ਹੋਏ, ਪ੍ਰਧਾਨਗੀ ਮੰਡਲ ਵਿਚ ਡਾ. ਮੋਨੋਜੀਤ (ਜੰਮੂ-ਭਾਰਤ) ਨੂੰ ਸਮਾਰੋਹ ਦੀ ਪ੍ਰਧਾਨਗੀ ਲਈ ਅਤੇ ਡਾ. ਗੁਰੂਮੇਲ ਸਿੱਧੂ, ਕਹਾਣੀਕਾਰ ਹਰਜਿੰਦਰ ਪੰਧੇਰ ਤੇ ਪ੍ਰੋ. ਅਮਰਜੀਤ ਪੰਨੂੰ ਨੂੰ ਆਦਰ ਸਹਿਤ ਪ੍ਰਧਾਨਗੀ ਮੰਚ ਤੇ ਸ਼ੁਸ਼ੋਭਿਤ ਹੋਣ ਲਈ ਆਮੰਤ੍ਰਿਤ ਕੀਤਾ। ਉਪਰੰਤ ਲਾਜ ਨੀਲਮ ਸੈਣੀ ਨੂੰ ਸਮਾਗਮ ਦੇ ਵਿਅਕਤੀ ਵਿਸ਼ੇਸ਼ ਵਜੋਂ ਪ੍ਰਧਾਨਗੀ ਮੰਡਲ ਵਿਚ ਸ਼ੁਸ਼ੋਭਿਤ ਹੋਣ ਲਈ ਸੱਦਾ ਦਿੱਤਾ ਅਤੇ ਨਾਲ ਹੀ ਪ੍ਰੋ. ਸੁਖਵਿੰਦਰ ਕੰਬੋਜ ਨੂੰ ਮੰਚ ਸੰਚਾਲਨ ਦੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਸੌਂਪੀ। ਪ੍ਰੋ. ਸੁਖਵਿੰਦਰ ਕੰਬੋਜ ਨੇ ਸਭ ਤੋਂ ਪਹਿਲਾਂ ਵਿਪਸਾ ਦੇ ਸੁਹਿਰਦ ਮੈਂਬਰ ਮਰਹੂਮ ਕੁੰਦਨ ਲਾਲ ਪਾਲ ਜੀ ਦੇ ਅਚਨਚੇਤ ਸਦੀਵੀ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਹ ਇਕ ਬਹੁਤ ਹੀ ਵਧੀਆ ਇਨਸਾਨ ਸਨ। ਉਨ੍ਹਾਂ ਦੀ ਯਾਦ ਹਮੇਸ਼ਾਂ ਸਾਡੇ ਦਿਲ ਵਿਚ ਰਹੇਗੀ। ਪੂਰੇ ਦੋ ਮਹੀਨੇ ਦੀ ਬਿਮਾਰੀ ਤੋਂ ਬਾਅਦ ਤਾਰਾ ਸਿੰਘ ਸਾਗਰ ਨੂੰ ਇਸ ਸਮਾਗਮ ਵਿਚ ਦੇਖਕੇ ਹਰ ਇਕ ਦੇ ਦਿਲ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਅਭੀਤਾਬ ਸੈਣੀ ਅਤੇ ਪ੍ਰੋ. ਸੁਰਿੰਦਰ ਸੀਰਤ ਨੇ ਤਾਰਾ ਸਿੰਘ ਸਾਗਰ ਨੂੰ ਫ਼ੁੱਲਾਂ ਦਾ ਗੁਲਦਸਤਾ ਭੇਂਟ ਕੀਤਾ। ਇਸ ਉਪਰੰਤ ਪੇਪਰ ਸੈਸ਼ਨ ਸ਼ੁਰੂ ਕਰਦਿਆਂ ਪ੍ਰੋ. ਕੰਬੋਜ ਨੇ ਕਿਹਾ ਕਿ ਕਵਿਤਾ ਸਮੇਂ ਦਾ ਸੱਚ ਹੁੰਦੀ ਹੈ ਅਤੇ ਸਮੇਂ ਦੇ ਨਾਲ ਬਦਲਦੀ ਹੈ। ਮੈਂ ਅਮ੍ਰਿਤਾ ਪ੍ਰੀਤਮ ਦਾ ਬਾਰਾਂ ਮਾਹ ਪੜ੍ਹਿਆ ਹੈ ਪਰ ਲਾਜ ਨੀਲਮ ਸੈਣੀ ਵਲੋਂ 'ਅਕਸ' ਕਾਵਿ ਸੰਗ੍ਰਹਿ ਵਿਚ ਅਜੋਕੇ ਸਮੇਂ ਦਾ 'ਬਾਰਾਂ ਮਾਹ' ਪੜ੍ਹ ਕੇ ਬਹੁਤ ਮੁਤਾਸਿਰ ਹੋਇਆ ਹਾਂ। ਗੁਰੂਮੇਲ ਸਿੱਧੂ ਨੇ ਆਪਣੇ ਪਰਚੇ ਦੇ ਸਾਰਤੱਤ ਵਿਚ ਕਿਹਾ ਕਿ 'ਅਕਸ' ਦੀਆਂ ਕਵਿਤਾਵਾਂ, ਕਵਿਤਾ ਦੀ ਪਰੀਭਾਸ਼ਾ ਅਨੁਸਾਰ ਖਰੀਆਂ ਉੱਤਰਦੀਆਂ ਹਨ। ਡਾ. ਮੋਹਨ ਤਿਆਗੀ ਦਾ ਲਿਖਿਆ ਪੇਪਰ ਪ੍ਰੋ. ਸੁਰਿੰਦਰ ਸੀਰਤ ਨੇ ਪੜ੍ਹਦਿਆਂ ਡਾ.ਤਿਆਗੀ ਨੂੰ ਕੋਟ ਕਰਦਿਆਂ ਕਿਹਾ ਕਿ ਨੀਲਮ ਸੈਣੀ ਨੇ ਆਪਣੇ ਪ੍ਰਗਤੀਸ਼ੀਲ ਸਰੋਕਾਰਾਂ ਅਤੇ ਸ਼ਕਤੀਸ਼ਾਲੀ ਟੈਕਸਟ ਰਾਹੀਂ ਜਿਥੇ ਆਪਣੇ ਵਿਲੱਖਣ ਮੁਹਾਂਦਰੇ ਦਾ ਪ੍ਰਗਟਾਵਾ ਕੀਤਾ ਹੈ ਉੱਥੇ ਹੀ ਅਮਰੀਕੀ ਪੰਜਾਬੀ ਕਵਿਤਾ ਦਾ ਦਾਇਰਾ ਵੀ ਹੋਰ ਵਸੀਹ ਕੀਤਾ ਹੈ। ਅਮਰਜੀਤ ਪੰਨੂੰ ਨੇ ਆਪਣੇ ਪਰਚੇ ਰਾਹੀਂ ਭਾਵ ਪੂਰਤ ਢੰਗ ਨਾਲ ਪ੍ਰਮਾਣਿਤ ਕੀਤਾ ਕਿ ਲਾਜ ਨੀਲਮ ਸੈਣੀ ਘਰ-ਪਰਿਵਾਰ ਦੇ ਸੀਮਤ ਦਾਇਰੇ ਤੋਂ ਬਾਹਰ ਆ ਕੇ ਅੰਤਰ ਰਾਸ਼ਟਰੀ ਪਾਸਾਰ ਵਿਚ ਇਕ ਨਾਰੀ-ਜਗਿਆਸਾ ਦੀ ਨਿੱਗਰ ਸੋਚ ਰਾਹੀਂ ਆ ਖੜ੍ਹੀ ਹੋਈ ਹੈ। ਕੁਲਵਿੰਦਰ ਵਲੋਂ ਪੇਪਰ ਪੜ੍ਹਦਿਆਂ ਇਹ ਭਾਵਨਾ ਉਤਪੰਨ ਹੋਈ ਕਿ ਲਾਜ ਨੀਲਮ ਸੈਣੀ ਨੇ, 'ਅਕਸ'ਰਾਹੀਂ ਇਕ ਸ਼ਕਤੀਸ਼ਾਲੀ ਲੇਖਿਕਾ ਨੂੰ ਸਾਹਿਤ ਜਗਤ ਦੇ ਰੂ-ਬ-ਰੂ ਕੀਤਾ ਹੈ। ਇਸ ਉਪਰੰਤ ਲਾਜ ਨੀਲਮ ਸੈਣੀ ਅਤੇ ਸੁਖਦੇਵ ਸਾਹਿਲ ਨੇ ਸ਼ਬਦ ਅਤੇ ਸੁਰ ਦਾ ਸੁਮੇਲ 'ਇਨਸਾਨੀ ਰੇਲ'ਪੇਸ਼ ਕੀਤੀ।ਇਸ ਪੇਸ਼ਕਾਰੀ ਦਾ ਆਗਾਜ਼ ਲਾਜ ਨੀਲਮ ਸੈਣੀ ਨੇ ਆਪਣੇ ਰਾਹ ਦਸੇਰਿਆਂ: ਮਰਹੂਮ ਮਾਪਿਆਂ ਸ੍ਰੀ ਆਤਮਾ ਰਾਮ, ਮਾਤਾ ਸ੍ਰੀ ਮਤੀ ਕਮਲਾ ਦੇਵੀ ਅਤੇ ਆਪਣੇ ਜੀਵਨ ਸਾਥੀ ਲਾਜ ਸੈਣੀ ਨੂੰ ਸਿਜਦਾ ਕਰਕੇ ਕੀਤਾ। ਇਸ ਵਿਲੱਖਣ ਪੇਸ਼ਕਾਰੀ ਨੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ।ਹਾਲ ਵਿਚ ਬੈਠੈ ਹਰ ਪੰਜਾਬੀ ਨੇ ਨਵੀਂ ਪੀੜ੍ਹੀ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਦਾ ਸੰਕਲਪ ਲਿਆ। ਬਾਲ ਪੁਸਤਕ'ਇਨਸਾਨੀ ਰੇਲ' ਤਾਰਾ ਸਿੰਘ ਸਾਗਰ ਅਤੇ ਸਰਬਜੀਤ ਸਿੰਘ ਗਿੱਲ ਨੇ ਲੋਕ ਅਰਪਿਤ ਕੀਤੀ। ਦੂਜਾ ਸੈਸ਼ਨ ਪੁਸਤਕ ਚਰਚਾ ਸੀ, ਜਿਸ ਵਿਚ ਸਾਹਿਤ ਆਸ਼ਰਮ ਟਾਂਡਾ ਦੇ ਜਨਰਲ ਸਕੱਤਰ ਪੰਮੀ ਦਿਵੇਦੀ ਦਾ ਸੁਨੇਹਾ ਜਗਜੀਤ ਨੌਸ਼ਿਹਰਵੀ ਨੇ ਪੜ੍ਹਿਆ। ਹਰਜਿੰਦਰ ਕੰਗ, ਪ੍ਰਿੰਸੀਪਲ ਹਰਨੇਕ ਸਿੰਘ, ਜਗਜੀਤ ਨੌਸ਼ਿਹਰਵੀ, ਜਗਤਾਰ ਗਿੱਲ, ਅਮਰੀਕ ਸਿੰਘ ਪੰਨੂੰ, ਤਾਰਾ ਸਿੰਘ ਸਾਗਰ, ਜੂਲੀ ਰਈਸ, ਗੁਲਸ਼ਨ ਦਿਆਲ, ਹਰਭਜਨ ਢਿੱਲੋਂ ਅਤੇ ਅਭੀਤਾਬ ਸੈਣੀ ਨੇ ਹਿੱਸਾ ਲੈਂਦਿਆਂ ਪੁਸਤਕ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ। ਗਗਨਦੀਪ ਨੇ ਲਾਜ ਨੀਲਮ ਸੈਣੀ ਦੀ ਉਸਤਤ ਵਿਚ ਇਕ ਖ਼ੂਬਸੂਰਤ ਬੰਦਸ਼ ਪੇਸ਼ ਕੀਤੀ। 'ਅਕਸ' ਸ਼ਾਇਰ ਕੁਲਵਿੰਦਰ ਅਤੇ ਪ੍ਰੋ. ਸੁਰਿੰਦਰ ਸੀਰਤ ਨੇ ਲੋਕ ਅਰਪਿਤ ਕੀਤੀ। ਲਾਜ ਨੀਲਮ ਸੈਣੀ ਨੂੰ ਵਿਪਸਾ ਵਲੋਂ ਸਨਮਾਨ ਪੱਤਰ ਭੇਂਟ ਕੀਤਾ ਗਿਆ ਜਿਸ ਵਿਚ ਹਾਜ਼ਰ ਸਮੂਹ ਵਿਪਸਾ ਮੈਂਬਰਾਂ ਨੇ ਭਾਗ ਲਿਆ। ਇਸ ਸਮਾਗਮ ਵਿਚ ਹੋਰਾਂ ਤੋਂ ਇਲਾਵਾ ਅਲਕਾ ਮਦਾਨ (ਗਲੋਬਲ ਵਿਮੰਨ- ਪਾਵਰ ਅਤੇ ਟੀਮ), ਫ਼ਓਮਪ;ਰੂਖ ਤਰਾਜ਼, ਮੱਖਣ ਲੁਹਾਰ (ਗੀਤਕਾਰ ਮੰਚ), ਡਾ. ਸੁਖਪਾਲ ਸੰਘੇੜਾ, ਮੀਲਾ, ਮਨਦੀਪ ਕੌਰ (ਕਿਡੇਂਗੋ), ਹਰਬੰਸ ਸਿੰਘ ਤੱਖਰ, ਜਸਵਿੰਦਰ ਸਿੰਘ, ਪ੍ਰੇਮ ਸੈਣੀ, ਬਾਲੀ ਕੌਰ, ਸਿਮਰਨ ਕੋਹਲੀ, ਬਲਵਿੰਦਰ ਮੰਡ, ਗੁਰਨਾਮ ਕੌਰ ਔਜਲਾ, ਅਮਰਜੀਤ ਕੌਰ ਜੌਹਲ, ਸਿਮਰਨ ਕੋਹਲੀ, ਪਰਮਜੀਤ ਸਿੰਘ,ਰਵਿੰਦਰ ਢਿੱਲੋਂ, ਪ੍ਰਿੰਸੀਪਲ ਹਜ਼ੂਰਾ ਸਿੰਘ, ਪ੍ਰੋ. ਸੁਖਪਾਲ ਸੰਘੇੜਾ, ਡਾ. ਸਤਵਿੰਦਰ ਸਿੰਘ ਆਦਿ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਨੂੰ ਸਿਤਾਰਾ ਟੀ-ਵੀ ਦੀ ਸੰਚਾਲਕ ਪੂਨਮ ਬਜਾਜ ਅਤੇ ਜਸਵੀਰ ਸਿੰਘ ਭੰਵਰਾ ਨੇ ਕੈਮਰਾ ਬੰਦ ਕੀਤਾ।

# ਪੰਜਾਬਣਾਂ ਨਾਲ ਲੁੱਟ-ਖੋਹ ਦੀ ਵਾਰਦਾਤ, ਪੰਜਾਬਣ ਬੀਬੀਆਂ ਸਾਵਧਾਨ ਰਹਿਣ !! - ਦੁਪਾਲ ਪੁਰ

**ਸੈਨਹੋਜ਼ੇ-** ਪਿਛਲੇ ਚਾਲ਼ੀ ਕੁ ਸਾਲ ਤੋਂ ਸੈਨਹੋਜ਼ੇ ਦੇ ਮੌਂਟਰੇ ਰੋਡ 'ਤੇ ਰਹਿਣ ਵਾਲ਼ੇ ਬੀਬੀ ਗੁਰਮੇਜ ਕੌਰ ਸੁਪਤਨੀ ਸਵਰਗੀ ਮਹਿੰਦਰ ਸਿੰਘ ਅਤੇ ਉਨ੍ਹਾਂ ਦੀ ਨੂੰਹ ਬੀਬੀ ਅਮਰਜੀਤ ਕੌਰ ਕੋਲ਼ੋਂ ਤਿੰਨ ਲੁਟੇਰੀਆਂ ਕੁੜੀਆਂ ਪਰਸ ਖੋਹ ਕੇ ਦੌੜ ਗਈਆਂ। ਬੀਤੀ 27 ਜੁਲਾਈ ਸ਼ਾਮ ਸਾਢੇ ਕੁ ਛੇ ਵਜੇ ਜਦੋਂ ਉਹ ਬਲੌਸਮ ਹਿਲਜ਼ ਰੋਡ 'ਤੇ ਸਥਿੱਤ ਮੈਸ੍ਹੀ ਸਟੋਰ ਤੋਂ ਖ੍ਰੀਦੋ-ਫ੍ਰੋਖਤ ਕਰਨ ਉਪਰੰਤ ਪਾਰਕਿੰਗ ਲਾਟ ਵਿਚ ਖੜ੍ਹੀ ਆਪਣੀ ਕਾਰ ਨੇੜੇ ਆਈਆਂ ਤਾਂ ਅਚਾਨਕ ਪਿੱਛੋਂ ਆਈ ਇਕ ਕਾਰ ਵਿੱਚੋਂ ਹਲਕੀ ਉਮਰ ਦੀਆਂ ਤਿੰਨ ਕੁੜੀਆਂ ਅਮਰਜੀਤ ਕੌਰ ਉੱਤੇ ਝਪਟ ਪਈਆਂ ਤੇ ਉਸਦਾ ਬੈਗ(ਪਰਸ) ਖਿੱਚਣ ਲੱਗੀਆਂ। ਨੂੰਹ ਦਾ ਰੌਲ਼ਾ ਸੁਣ ਕੇ ਬੀਬੀ ਗੁਰਮੇਜ ਕੌਰ ਨੇ ਡੰਗੋਰੀ ਦੇ ਤੌਰ 'ਤੇ ਹੱਥ ਵਿਚ ਫੜੀ ਸਟਿੱਕ ਇਕ ਲੁਟੇਰੀ ਦੀ ਬਾਂਹ 'ਤੇ ਮਾਰੀ। ਉਸ ਕੁੜੀ ਨੇ ਜੋਰ ਦੀ ਧੱਕਾ ਮਾਰ ਕੇ ਗੁਰਮੇਜ ਕੌਰ ਨੂੰ ਥੱਲੇ ਸੁੱਟ ਦਿੱਤਾ। ਡਿਗਦੇ ਸਾਰ ਹੀ ਲੁਟੇਰੀ ਕੁੜੀ ਨੇ ਉਸਦਾ



ਵੀ ਪਰਸ ਖੋਹ ਲਿਆ।ਇਸ ਤੋਂ ਬਾਅਦ ਉਹ ਤਿੰਨੋ ਜਣੀਆਂ ਕਾਰ ਵਿਚ ਫਰਾਰ ਹੋ ਗਈਆਂ। ਸਿੱਧੀ ਸਪਾਲ ਡਿਗੀ ਪਈ ਗੁਰਮੇਜ ਕੌਰ ਨੂੰ ਪੁਲੀਸ ਵਾਲ਼ਿਆਂ ਨੇ ਚੁੱਕ ਕੇ ਹਸਪਤਾਲ ਪਹੁੰਚਾਇਆ। ਉਨ੍ਹਾਂ ਦੇ ਪੁੱਤਰ ਮਨਜੀਤ ਸਿੰਘ ਦੇ ਦੱਸਣ ਅਨੁਸਾਰ ਬੀਬੀ ਗੁਰਮੇਜ ਕੌਰ ਦਾ ਕਿਸੇ ਗਹਿਰੀ ਸੱਟ-ਚੋਟ ਤੋਂ ਤਾਂ ਬਚਾਅ ਹੋ ਗਿਆ ਹੈ ਪਰ ਬੁਰੀ ਤਰਾਂ ਲੱਕ ਠੋਕ ਹੋ ਜਾਣ ਕਾਰਨ ਉਨ੍ਹਾਂ ਨੂੰ ਕਾਫੀ ਤਕਲੀਫ ਹੋ ਰਹੀ ਹੈ। ਬਾਅਦ ਦੀ ਸੂਚਨਾਂ ਅਨੁਸਾਰ ਦੂਜੇ ਦਿਨ 28 ਜੁਲਾਈ ਨੂੰ ਤਿੰਨੋਂ ਲੁਟੇਰੀਆਂ ਪੁਲੀਸ ਨੇ ਕਾਬੂ ਕਰ ਲਈਆਂ ਅਤੇ ਅਗਲੀ ਤਫਤੀਸ਼ ਜ਼ਾਰੀ ਹੈ। ਬੀਬੀ ਗੁਰਮੇਜ ਕੌਰ ਦੇ ਛੋਟੇ ਭਰਾ ਤਰਲੋਚਨ ਸਿੰਘ ਦੁਪਾਲ ਪੁਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸਮੂੰਹ ਪੰਜਾਬਣ ਬੀਬੀਆਂ ਨੂੰ ਸਟੋਰਾਂ ਵਿਚ ਖਰੀਦੋ- ਫਰੋਖਤ ਕਰਨ ਵੇਲੇ ਚੌਕੰਨੇ ਰਹਿਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਖਦਸ਼ਾ ਜਾਹਰ ਕੀਤਾ ਹੈ ਕਿ ਹੋ ਸਕਦਾ ਹੈ ਅਜਿਹੇ ਲੁਟੇਰੇ ਗ੍ਰੋਹਾਂ ਦਾ ਖਾਸ ਨਿਸ਼ਾਨਾ ਏਸ਼ੀਅਨ ਲੋਕ ਹੀ ਹੋਣ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਫਰਿਜ਼ਨੋ ਦੇ ਗੋਲਡਨ ਪੈਲਿਸ ਵਿੱਚ ਤੀਆਂ ਮੌਕੇ ਲੱਗੀਆ ਖ਼ੂਬ ਰੌਣਕਾਂ






**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ –** ਜਿੱਥੇ ਪੰਜਾਬ ਵਿੱਚੋਂ ਸਾਡੇ ਰਵਾਇਤੀ ਤਿਉਹਾਰ ਅਲੋਪ ਹੋ ਰਹੇ ਹਨ, ਓਥੇ ਹੀ ਪਰਦੇਸਾਂ ਵਿੱਚ ਇਹ ਤਿਉਹਾਰ ਬੜੇ ਧੂੰਮ ਧਾਮ ਨਾਲ ਮਨਾਏ ਜਾਂਦੇ ਨੇ। ਫਰਿਜ਼ਨੋ ਸ਼ਹਿਰ ਵਿੱਚ ਪੰਜਾਬੀਆਂ ਦੀ ਸੰਘਣੀ ਵੱਸੋ ਹੋਣ ਕਰਕੇ ਇਸ ਨੂੰ ਇੱਕ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆਂ ਜਾਂਦਾ ਹੈ।

ਸੌਣ ਦੇ ਮਹੀਨੇ ਨੂੰ ਮੁੱਖ ਰੱਖਕੇ ਸਥਾਨਿਕ ਗੋਲਡਨ ਪੈਲਿਸ ਹਾਲ ਵਿੱਚ ਤੀਆਂ ਦਾ ਤਿਉਹਾਰ ਸਜ-ਧਜ ਆਈਆਂ ਮੁਟਿਆਰਾਂ ਨੇ ਬੜੇ ਧੂੰਮ ਧੜਾਕੇ ਨਾਲ ਮਨਾਇਆਂ ਗਿਆ। ਇਸ ਮੌਕੇ ਜਿੱਥੇ ਮੁਟਿਆਰਾਂ ਨੇ ਨੱਚ ਨੱਚ ਅੰਬਰੀ ਧੂੜ੍ਹ ਚਾੜ ਦਿੱਤੀ ਉੱਥੇ ਮੁਟਿਆਰਾਂ ਨੇ ਫੈਸ਼ਨ ਸ਼ੋਅ ਵਿੱਚ ਵੀ ਭਾਗ ਲਿਆ ਅਤੇ ਵੱਖੋ ਵੱਖ ਉਮਰ ਵਰਗ ਵਿੱਚ ਮਿੱਸ ਅਤੇ ਮਿੱਸਸਿਜ਼ ਪੰਜਾਬਣ ਮੁਕਾਬਲੇ ਵੀ ਕਰਵਾਏ ਗਏ ਜਿਨ੍ਹਾਂ ਵਿੱਚ ਚਾਰ ਮੁਟਿਆਆਰਾ ਚੁਣੀਆ ਗਈਆ ਤੇ ਉਹਨਾਂ ਨੂੰ ਕਰਾਊਨ ਪਹਿਨਾਏ ਗਏ। ਇਹਨਾ ਮੁਕਾਬਲਿਆ ਦੌਰਾਨ ਜੱਜ ਦੀ ਭੂਮਿਕਾ ਜੋਤਨ ਗਿੱਲ, ਡਾ. ਮਨਦੀਪ ਕੌਰ, ਗਿੱਧੇ ਦੀ ਕੋਚ ਤਰਨਦੀਪ ਕੌਰ ਨੇ ਬਾਖ਼ੂਬੀ ਨਿਭਾਈ। ਸਟੇਜ ਸੰਚਾਲਨ ਸ਼ਾਇਰਾਨਾਂ ਅੰਦਾਜ਼ ਵਿੱਚ ਉੱਘੀ ਗਾਇਕਾ ਜੋਤ ਰਣਜੀਤ ਨੇ ਕੀਤਾ। ਇਸ ਮੌਕੇ ਗਿੱਧੇ ਤੋਂ ਬਿਨਾ ਔਰਤਾਂ ਨੇ ਰਵਾਇਤੀ ਗੀਤ, ਲੋਕ ਗੀਤ ਅਤੇ ਕੋਰੀਓ ਗ੍ਰਾਫੀ ਨਾਲ ਖ਼ੂਬ ਰੰਗ ਬਿਖੇਰਿਆ।

# ਬਾਇਓ ਫਰੀਜ਼ ਮੈਰਾਥਾਨ ਦੌੜ ਵਿੱਚ ਤਕਰੀਬਨ ਦਰਜਨ ਦੇ ਕਰੀਬ ਪੰਜਾਬੀ ਦੌੜਾਕਾਂ ਨੇ ਲਿਆ ਹਿੱਸਾ







**ਸੈਂਨਫਰਾਂਸਸਕੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਬੇ-ਏਰੀਏ ਦੇ ਖ਼ੂਬਸੂਰਤ ਸ਼ਹਿਰ ਸੈਂਨਫਰਾਂਸਸਕੋ ਵਿੱਚ 42ਵੀਂ ਬਾਇਓ ਫਰੀਜ਼ ਮੈਰਾਥਾਨ ਰੇਸ ਕਰਵਾਈ ਗਈ। ਇਸ ਰੇਸ ਵਿੱਚ ਜਿੱਥੇ ਅਮਰੀਕਨ ਲੋਕ ਵੱਡੀ ਗਿਣਤੀ ਵਿੱਚ ਦੂਰ ਦੁਰਾਡੇ ਤੋਂ ਪਹੁੰਚੇ ਹੋਏ ਸਨ, ਉੱਥੇ ਹੀ ਦਰਜਨ ਦੇ ਕਰੀਬ ਪੰਜਾਬੀ ਔਰਤਾ ਤੇ ਮਰਦਾ ਨੇ ਇਸ ਮੈਰਾਥਾਨ ਰੇਸ ਵਿੱਚ ਹਿੱਸਾ ਲੈਕੇ ਪੰਜਾਬੀ ਭਾਈਚਾਰੇ ਦਾ ਨਾਮ ਅਮਰੀਕੀ ਲੋਕਾਂ ਵਿੱਚ ਰੌਸ਼ਨ ਕੀਤਾ। ਇਸ ਰੇਸ ਵਿੱਚ ਕੈਲੇਫੋਰਨੀਆਂ ਦੇ ਵੱਖੋ ਵੱਖ ਸ਼ਹਿਰਾਂ ਤੋਂ ਪੰਜਾਬੀ ਦੌੜਾਕ ਪਹੁੰਚੇ ਹੋਏ ਸਨ, ਜਿੰਨ੍ਹਾ ਵਿੱਚ ਫਰੀਮੌਂਟ ਸ਼ਹਿਰ ਤੋਂ ਬਲਜੀਤ ਸਿੰਘ, ਸੁਖਿਵੰਦਰ ਸਿੰਘ, ਪਰਮਿੰਦਰ ਪਾਲ ਸਿੰਘ, ਚਰਨਜੀਤ ਸਿੰਘ ਧਾਲੀਵਾਲ, ਅਵੀ, ਅਜਮੇਰ ਸਿੰਘ। ਸਟਾਕਟਨ ਸ਼ਹਿਰ ਤੋਂ ਨਵਿੰਦਰ ਸਿੰਘ ਟਾਂਡਾ। ਮੈਨਟੀਕੇ ਤੋਂ ਰਜਿੰਦਰ ਸਿੰਘ ਸੇਖੋਂ, ਨਰਿੰਦਰ ਕੌਰ ਸੇਖੋਂ, ਹਰਸਿਮਰਪ੍ਰੀਤ ਕੌਰ ਮਾਂਗਟ ਅਤੇ ਫਰਿਜ਼ਨੋ ਤੋਂ ਕਮਲਜੀਤ ਬੈਨੀਪਾਲ ਤੇ ਮਨਜੋਤ ਸਿੰਘ ਬੈਨੀਪਾਲ ਆਦਿ ਪਹੁੰਚੇ ਹੋਏ ਸਨ। ਇਸ ਮੌਕੇ ਮਨੁੱਖਤਾ ਦੀ ਸੇਵਾ ਕਰਨ ਵਾਲੀ ਸੰਸਥਾ 'ਸਿੱਖਜ਼ ਫਾਰ ਹਮਿਉਨਟੀ' ਵਾਲੇ ਵੀਰਾ ਨੇ ਪਾਣੀ ਦੀ ਛਬੀਲ ਲਾਈ ਹੋਈ ਸੀ, ਜਿੱਥੇ ਬਿਨਾਂ ਕਿਸੇ ਭੇਦ-ਭਾਵ ਦੇ ਸਭ ਨੂੰ ਫਰੀ ਜਲ੍ਹ ਛਕਾਇਆ ਗਿਆ ਅਤੇ ਗੋਰੇ ਲੋਕ ਇਹਨਾਂ ਵੀਰਾਂ ਦੀ ਸੇਵਾ ਤੋਂ ਬੜੇ ਪ੍ਰਭਾਵਿਤ ਨਜ਼ਰੀਂ ਪਏ।

# ਫਰਿਜ਼ਨੋ ਸਿਟੀ ਕਾਲਜ ਵੱਲੋਂ ਇੰਗਲਿਸ਼ ਦੀਆਂ ਕਲਾਸਾਂ ਸਤੰਬਰ ਤੋਂ ਆਰੰਭ ਹੋਣਗੀਆਂ

**ਫਰਿਜ਼ਨੋ–** ਫਰਿਜ਼ਨੋ ਸਿਟੀ ਕਾਲਜ ਵੰਲੋਂ ਸਤੰਬਰ ਮਹੀਨੇ ਤੋਂ ਇੰਗਲਿਸ਼ ਦੀਆਂ ਕਲਾਸਾਂ ਸਿੱਖ ਇੰਸਟੀਚਿਊਟ ਆਫ ਫਰਿਜ਼ਨੋ ਵਿਖੇ ਆਰੰਭ ਕੀਤੀਆਂ ਜਾ ਰਹੀਆਂ ਹਨ।

ਇਹਨਾਂ ਕੋਰਸਾਂ ਵਿਚ ਇੰਗਲਿਸ਼ ਭਾਸ਼ਾ ਨੂੰ ਬੋਲਣ, ਸੁਣਨ ਅਤੇ ਲਿਖਣ ਵਿਚ ਮਾਹਿਰ ਬਣਾਉਣਗੇ। ਜੇਕਰ ਕੋਈ ਵੀ ਵਿਅਕਤੀ ਕੋਰਸ ਜੁਆਇਨ ਕਰਨਾ ਚਾਹੁੰਦਾ ਹੈ ਤਾਂ ਉਹ ਆਪਣਾ ਨਾਂ ਗੁਰਦੁਆਰਾ ਸਾਹਿਬ ਵਿਖੇ ਰੱਖੇ ਰੋਸਟਰ ਵਿਚ ਦਰਜ ਕਰ ਸਕਦਾ ਹੈ।

ਤੁਸੀਂ ਆਪਣਾ ਨਾਂ ਕਿਸੇ ਸੇਵਾਦਾਰ (ਭਾਈ ਜੀ) ਨੂੰ ਦੇ ਸਕਦੇ ਹੋ, ਜੋ ਕਿ ਮੌਕੇ ਤੇ ਉਪਲਬਧ ਹੋਵੇਗਾ। ਹੁਣ ਤੱਕ 15 ਵਿਦਿਆਰਥੀਆਂ ਨੇ ਆਪਣਾ ਨਾਂ ਦਰਜ ਕਰਵਾ ਵੀ ਦਿੱਤਾ ਹੈ। ਹੋਰ ਵੀ ਜੋ ਲੋਕੀ ਚਾਹਵਾਨ ਹਨ, ਉਹ ਜਲਦੀ ਆਪਣਾ ਨਾਂ ਗੁਰੂ ਘਰ ਵਿਖੇ ਦਰਜ ਕਰਵਾਉਣ। ਕਲਾਸਾਂ ਦੁਪਹਿਰ ਦੇ ਸਮੇਂ ਆਰੰਭ ਹੋਣਗੀਆਂ ਅਤੇ ਹਫਤੇ ਵਿਚ ਦੋ ਵਾਰ ਹੋ ਸਕਦੀਆਂ ਹਨ।

**– ਜੀ ਐਸ ਸ਼ੇਰਗਿੱਲ**



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing


AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop



# TANDOOR

Indian Restaurant

## 27167 Mission Blvd. Hayward, CA 95544






ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

## We are open seven days 11 AM to 10 PM

# ਫਰਿਜ਼ਨੋ 'ਚ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ

## ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲਿਆਂ ਦੇ ਖੇਤਰ 'ਚ ਇਕ ਹੋਰ ਸਫਲ ਯਤਨ







(ਰਿਪੋਰਟ ਦੇਖੋ ਸਫਾ 4 'ਤੇ)

(ਰਿਪੋਰਟ ਅਤੇ ਤਸਵੀਰਾਂ ਕੁਲਵੀਰ ਹੇਅਰ)












ਕੀ ਤੁਸੀਂ ਆਪਣੇ ਪਰਿਵਾਰ ਲਈ ਘਰ ਖ਼੍ਰੀਦਣਾ ਚਾਹੁੰਦੇ ਹੋ?

ਸੈਂਟਰਲ ਕੈਲੇਫੋਰਨੀਆਂ ਵਿਚ ਰੀਅਲ ਇਸਟੇਟ ਨਾਲ ਸਬੰਧਤ
ਹਰ ਤਰਾਂ ਦੀਆਂ ਲੋੜਾਂ ਲਈ, ਸੰਪਰਕ ਕਰੋ।



ਹਰਜਿੰਦਰ ਸਿੰਘ ਢੇਸੀ

559-212-1292

ਨਵੇਂ ਜਾਂ ਪੁਰਾਣੇ ਘਰ ਖਰੀਦਣ ਦੇ ਲਈ।

ਆਪਣੇ ਘਰ ਨੂੰ ਸਹੀ ਸਮੇਂ ਤੇ ਮਾਰਕਿਟ ਵਿਚ ਲਿਸਟ
ਕਰਨ ਅਤੇ ਪੂਰੇ ਮੁਲ ਤੇ ਵੇਚਣ ਲਈ।

ਕਿਸੇ ਵੀ ਤਰਾਂ ਦੀ ਖੇਤੀ ਵਾਲੀ ਜ਼ਮੀਨ
ਜਾਂ ਖਾਲੀ ਪਲਾਟ ਖਰੀਦਣ ਜਾਂ ਵੇਚਣ ਦੇ ਲਈ।

ਰੀਅਲ ਇਸਟੇਟ ਵਿਚ ਇਨਵੈਸਟ ਕਰਨ ਦੇ ਲਈ।

Current Listings

5 bed 3bath 2684 SF.
Fresno/CA
Priced at: $319,000

5 bed 3.5 bath 2433 SF.
Yr built 2018, Madera/CA
Priced at: $315,000






Harjinder Dhesi
BRE# 01976222
dhesi1292@gmail.com

EXIT REALTY CONSULTANTS

2416 W. Shaw ave ste. 105
Fresno, CA 93711

Serving Fresno, Madera and Kings counties.


ਘਰ ਅਤੇ ਦਫਤਰ ਨੂੰ ਫਰਨੀਚਰ ਨਾਲ ਸਜਾਉਣਾ ਹੋਇਆ ਹੁਣ ਹੋਰ ਸਸਤਾ
Todo disponible
Compre Hoy y Recoja el mismo dia
Liquidation Outlet
GRANDES ESPECIALES
TODO EL VERANO
SI MENCIONA ESTE ANUNCIO
www.thebargainoutlet.com
NO CREDIT CHECK
Mayoreo y Menudeo
LLEVATELO CON $40 DE ENGANCHE
Stockton 209-467-8650 Modesto 209-581-9606
Room Dividers - Black and Natural Wood $49.99
LIMITED TIME OFFER
5PC RECLINER SET 999.99 TAX
W/3PC COFFEE AND END TABLS 2LAMPS AND A RUG
Queen Bed Mattress Included $399.99
Liquidation Collection
FREE RUG!
$599.99+tax
4pc Sectional FREE RUG! IN STOCK! $519.99
5pc Pub Set Table - 4 Chairs $239.99
Heavy Duty with 2 Leaves
7pc Dining Set Table-6 Chairs $689.99
Wood Kids Twin Full Bunk Bed Under Storage / Mattresses Included $559.99
Limited Time Special Order!
Large Futon - Heavy Duty $189.99
Cherry Queen or Full Bed Night-Stand Dresser Mirror $499.99
IN STOCK!
FREE RUG!
7pc Dinette Set Table - 6 Chairs $529.99
IN STOCK!
ALWAYS IN STOCK & the LOWEST PRICES!
In Stock!
DINING ROOM SET
SUPER SPECIAL Package Deal
www.TheBargainOutlet.com $1199.99+tax
Pub Table 4 Chairs and Bench $429.99+TAX
IN STOCK!
DOUBLE FLIP PILLOW TOP
Box and Mattress
TWIN $169.99 QUEEN $249.99
FULL $209.99 KING $309.99
TAPETE GRATIS
CON VALOR DE $60
EN CUALQUIER COMPRA
DE $500 O MAS
TAPETE DE 5X8
Stoves Starting at $199.99
Free Coat-Rack
Twin Bunkie $65.99+tax
Twin box and Mattress $109.99+tax
Full box and Mattress $139.99+tax
Queen box and Mattress $169.99+tax
King box and Mattress $229.99+tax
IN STOCK!
SUPER Mattress SALE
3pc Coffee Table Set
5pc MINI SECTIONAL W/3PC GLASS Set IN STOCK! 449.99
ESPECIAL DE LAS LAVADORAS
Washers & Dryers Starting at $399.99
Refrigerators Starting at $199.99
IN STOCK!
WE MEET OR BEAT ANY PRICES
2301 Fairview Dr # A, Ceres, CA 95307 • 528 E. Weber Ave. Stockton CA 95202
Ceres (209)581-9606 Stockton (209) 467-8650

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ






**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਭਾਈ ਸੁਰਿੰਦਰ ਸਿੰਘ ਸਰੋਆ ਜੀ, ਬੀਬੀ ਸੁਰਿੰਦਰ ਕੌਰ ਸਰੋਆ, ਸ. ਜਸਕੀਰਤ ਸਿੰਘ, ਬੀਬੀ ਨਵਜੋਤ ਕੌਰ, ਕਾਕਾ ਅਵਤੋਜ ਸਿੰਘ ਅਤੇ ਪਰਿਵਾਰ ਵੱਲੋਂ ਪਰਿਵਾਰ ਦੀ ਚੜ੍ਹਦੀਕਲਾ ਲਈ ਮਿਤੀ 28 ਜੁਲਾਈ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ, ਜਿਸ ਵਿਚ 29 ਜੁਲਾਈ ਦਿਨ ਐਤਵਾਰ ਨੂੰ ਸਵੇਰੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਹਜ਼ੂਰੀ ਜਥੇ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਹੀਰਾ ਸਿੰਘ ਜੀ, ਬੀਬੀ ਲੋਚਨਾ ਰਾਏ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਬਨ ਸਿੰਘ ਜੀ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਸੁਰਿੰਦਰ ਸਿੰਘ ਸਰੋਆ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਭਗਵਾਨ ਵਾਲਮੀਕ ਟੈਂਪਲ ’ਚ ਹਫਤਾਵਾਰੀ ਪ੍ਰੋਗਰਾਮ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ ਵਿਖੇ ਹਫਤਾਵਾਰੀ ਪ੍ਰੋਗਰਾਮ ਬੀਤੇ ਐਤਵਾਰ ਮਨਾਇਆ ਗਿਆ। ਸਭ ਤੋਂ ਪਹਿਲਾਂ ਰਮਾਇਣ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਤੇ ਉਪਰੰਤ ਆਰਤੀ ਤੇ ਅਰਦਾਸ ਕੀਤੀ ਗਈ। ਉਪਰੰਤ ਵਿਨੋਦ ਗਿੱਲ ਵੱਲੋਂ ਰਮਾਇਣ ਸਾਹਿਬ ਦੇ ਸਲੋਕਾਂ ਦੀ ਵਿਆਖਿਆ ਕੀਤੀ ਗਈ ਤੇ ਕਥਾਵਾਚਕ ਪ੍ਰਕਾਸ਼ ਸਿੰਘ ਗਿੱਲ ਵੱਲੋਂ ਕਥਾ ਕੀਤੀ ਗਈ, ਜੋ ਸੰਗਤਾਂ ਵੱਲੋਂ ਬਹੁਤ ਹੀ ਮਨ ਚਿੱਤ ਲਾ ਕੇ ਉਤਸੁਕਤਾ ਨਾਲ ਸੁਣੀ ਗਈ। ਉਪਰੰਤ ਕਲਾਕਾਰ ਭੁਪਿੰਦਰ ਭਿੰਦਾ, ਵਿਸ਼ਾਲ ਸ਼ਰਬਤੀ,




ਬਲਵੀਰ ਧਾਰੀਵਾਲ ਤੇ ਜੋਗਿੰਦਰ ਸਿੰਘ ਸ਼ੌਂਕੀ ਵੱਲੋਂ ਸਤਿਗੁਰੂ ਵਾਲਮੀਕ ਜੀ ਦੀ ਉਸਤੱਤ ਲਈ ਸ਼ਬਦ ਗਾਏ ਗਏ। ਇਸੇ ਦੌਰਾਨ ਕੈਲੇਫੋਰਨੀਆ ਵਿਚ ਨਵੇਂ ਆਏ ਪਰਿਵਾਰ ਸੁਰਿੰਦਰ ਸਿੰਘ ਢੱਡਾ ਤੇ ਬੀਬੀ ਰਾਜਵਿੰਦਰ ਕੌਰ ਢੱਡਾ ਤੇ ਪਰਿਵਾਰ ਦਾ ਸਭਾ ਵੱਲੋਂ ਸਨਮਾਨ ਵੀ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਲੰਗਰਾਂ ਦੀ ਸੇਵਾ ਬਲਵੀਰ ਸਿੰਘ ਧਾਰੀਵਾਲ (ਬੋਕ) ਤੇ ਸਮੂਹ ਪਰਿਵਾਰ ਵੱਲੋਂ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆਂ ਕਹਿੰਦਿਆਂ ਧੰਨਵਾਦ ਕੀਤਾ ਗਿਆ। ਅਗਲੇ ਐਤਵਾਰ ਨੂੰ ਵਿਸ਼ੇਸ਼ ਪ੍ਰੋਗਰਾਮ ਸ. ਜੋਗਿੰਦਰ ਸਿੰਘ ਸ਼ੌਂਕੀ ਵੱਲੋਂ ਆਪਣੇ ਪੁੱਤਰ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਸ਼ੌਂਕੀ ਪਰਿਵਾਰ ਵੱਲੋਂ ਸਮੂਹ ਸੰਗਤਾਂ ਨੂੰ ਬੇਲਤੀ ਹੈ ਕਿ 4 ਅਗਸਤ ਐਤਵਾਰ ਨੂੰ ਮੰਦਰ ’ਚ ਬੱਚੇ ਦੇ ਮਨਾਏ ਜਾ ਰਹੇ ਜਨਮ ਦਿਨ ’ਚ ਸ਼ਾਮਲ ਹੋਵੋ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।

# ਸੰਤ ਕ੍ਰਿਸ਼ਨ ਨਾਥ ਜੀ ਪਹਿਲੀ ਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਪਧਾਰੇ




ਤਸਵੀਰਾਂ– ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




## ਜਨਮ ਦਿਨ ਮੁਬਾਰਕ



ਬੱਚੇ ਜੇਡਨ ਨਾਹਰ ਦੇ ਜਨਮ ਦਿਨ ਦੀਆਂ ਸਮੂਹ ਨਾਹਰ ਪਰਿਵਾਰ ਨੂੰ ਲੱਖ-ਲੱਖ ਵਧਾਈਆਂ



**Kulwinder Jhamat and his wife Doreen Jhamat with California's Governor Gavin Newsom during his visit to DMV.**

**ਸੈਕਰਾਮੈਂਟੋ (ਡੀ. ਡੀ. ਬੀ.)** ਬੀਤੇ ਐਤਵਾਰ 28 ਜੁਲਾਈ 2019 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਹਫਤਾਵਾਰੀ ਪ੍ਰੋਗਰਾਮਾਂ ਦੌਰਾਨ ਡੇਰਾ ਸੰਤ ਬਾਬਾ ਫੂਲ ਨਾਥ- ਸੰਤ ਬਾਬਾ ਬ੍ਰਹਮ ਨਾਥ ਜੀ ਨਾਨਕ ਨਗਰੀ ਜੀ. ਟੀ. ਰੋਡ ਚਹੇੜੂ (ਫਗਵਾੜਾ) ਦੇ ਮੁੱਖ ਸੇਵਾਦਾਰ ਸੰਤ ਕ੍ਰਿਸ਼ਨ ਨਾਥ ਜੀ ਨੇ ਪਹਿਲੀ ਵਾਰ ਪਧਾਰਨ ’ਤੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦਿਆਂ ਸੰਗਤਾਂ ਨੂੰ ਸ਼ਬਦ ਗਾਇਨ ਕਰਕੇ ਨਿਹਾਲ ਕੀਤਾ। ਗੁਰੂ ਘਰ ਦੇ ਸਮਾਗਮ ਦੌਰਾਨ ਸੰਤਾਂ ਦਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਅਤੇ ਸਨਮਾਨ ਪੱਤਰ ਨਾਲ ਜੀ ਆਇਆਂ ਆਖਦਿਆਂ ਧੰਨਵਾਦ ਕੀਤਾ।

ਇਸ ਉਪਰੰਤ ਸੰਤ ਕ੍ਰਿਸ਼ਨ ਨਾਥ ਜੀ ਨੇ ਵੱਖਰੇ ਤੌਰ ’ਤੇ ਸੰਗਤਾਂ ਨਾਲ ਵਿਚਾਰ ਵਟਾਂਦਰਾ ਵੀ ਕੀਤਾ। ਇੱਥੇ ਇਹ ਵਰਣਨਯੋਗ ਹੈ ਕਿ ਸੰਤ ਕ੍ਰਿਸ਼ਨ ਨਾਥ ਸੰਤਮਤ ਦੇ ਨਾਲ ਨਾਲ ਸਮਾਜ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਤੋਂ ਵੀ ਭਲੀ-ਭਾਂਤ ਜਾਣੂ ਹਨ। ਉਹ ਸਮਾਜਿਕ, ਆਰਥਿਕ ਤੇ ਰਾਜਨੀਤਿਕ ਪਹਿਲੂਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਨ ਤੇ ਸਮਾਜ ਨੂੰ ਜਾਗਰਿਤ ਵੀ ਕਰਦੇ ਆ ਰਹੇ ਹਨ। ਉਹ ਇਕ ਬੁਲਾਰੇ ਦੇ ਤੌਰ ’ਤੇ ਵੀ ਚਰਚਿਤ ਹਨ। ਸੰਤ ਕ੍ਰਿਸ਼ਨ ਨਾਥ ਜੀ ਮੀਡੀਏ ਅਤੇ ਕ੍ਰਾਂਤੀਕਾਰੀ ਵਿਚਾਰਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਨ ਤੇ ਇਸ ਪ੍ਰਤੀ ਬਣਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਆ ਰਹੇ ਹਨ। ਇਸ ਡੇਰੇ ਵੱਲੋਂ ਪ੍ਰੋਫੈਸਰ ਲਾਲ ਸਿੰਘ ਦੀ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਛਾਪੀ ਕਿਤਾਬ ਬਹੁਤ ਹੀ ਵਿਸ਼ੇਸ਼ ਧਿਆਨ ਖਿੱਚਦੀ ਹੈ।

ਇਸ ਮੌਕੇ ਅਦਾਰਾ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਦੇ ਮੁੱਖ ਸੰਪਾਦਕ ਸ੍ਰੀ ਪੀ. ਕੇ. ਚੁੰਬਰ ਨੇ ਸੰਤਾਂ ਨਾਲ ਵਿਚਾਰ ਕਰਦਿਆਂ ਇਸ ਪ੍ਰਤੀ ਚਰਚਾ ਕੀਤੀ। ਉਹਨਾਂ ਤੋਂ ਇਲਾਵਾ ਸਰਵਸ੍ਰੀ ਇੰਦਰਜੀਤ ਪਡਵੱਗਾ, ਹਰਬੰਸ ਰੱਲ੍ਹ, ਦੀਪਕ ਸਰੋਇਆ, ਮੱਖਣ ਲੁਹਾਰ, ਤੇਜਾ ਵਿਰਕ, ਰਾਜ ਬੱਧਣ, ਦਲਜੀਤ ਜੱਸਲ, ਗਿਆਨ ਚੰਦ ਕਾਜਲਾ, ਅਜੇ ਪਡਵੱਗਾ, ਹਰਮੇਸ਼ ਟਰੇਸੀ, ਬਲਜੀਤ ਸਿੰਘ ਆਦਿ ਕਮਿਊਨਿਟੀ ਮੈਂਬਰਾਨ ਨੇ ਸੰਤਾਂ ਨਾਲ ਵਿਚਾਰਾਂ ਕੀਤੀਆਂ। ਕੁੱਲ ਮਿਲਾ ਕੇ ਸੰਤਾਂ ਨੇ ਪ੍ਰਬੰਧਕ ਕਮੇਟੀ ਤੇ ਸੰਗਤ ਨਾਲ ਮਿਲ ਕੇ ਗੁਰੂ ਘਰ ’ਚ ਜੋ ਖੁਸ਼ੀ ਪ੍ਰਾਪਤ ਕੀਤੀ, ਉਹ ਲੰਮੇ ਸਮੇਂ ਤੱਕ ਯਾਦ ਰਹੇਗੀ।

# Sant Krishan Nath Ji vists Sri Guru Ravidass Temple Pittsburg (California)





We are thankful to Sant Krishan Nath Ji, Chaherhu Wale, for coming to Sri Guru Ravidass Temple Pittsburg California on Monday, July 29, 2019 in the evening. He had a very short visit but he shared a lot of wisdom with Sangat. We look forward to his next visit. ***-Ramesh Suman (Chairman)***

# Rattu family hosted Sri Sukhmani Sahib Path and Langar Sewa





On the event of late Satinder "Kala" Rattu's sixth Barsi and first Barsi of Charanjit Rattu, dedicated Rattu family hosted Sri Sukhmani Sahib Path and Langar Sewa in their memory at the Sri Guru Ravidass Temple Pittsburg (California). Satinder Rattu was a talented lyricist who's songs have been sung by well-known singers. He made people around him famous but kept himself away from the limelight. Family wholeheartedly did this Sewa.

May Waheguru keep Rattu.

May god bless his soul and give courage to the family to bear unfortunate losses to the family and keep them in Chardi Kala.

***- Ramesh Suman (Chairman)***



KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਸਟਾਰ ਐਥਲੀਟ ਹਿਮਾ ਦਾਸ, ਦੂਤੀ ਚੰਦ ਅਤੇ ਮੁਹੰਮਦ ਅੰਸ ਯਾਹੀਆ

ਭਾਰਤ ਦੇ ਮੌਜੂਦਾ ਐਥਲੀਟਾਂ ਵਿਚੋ ਹਿਮਾ ਦਾਸ ਸਭ ਨਾਲੋਂ ਚਮਕਦਾ ਨਾਂ ਹੈ। ਅਸਾਮ ਦੀ ਰਾਜ ਤੋਂ ਇੱਕ ਭਾਰਤੀ ਦੌੜਾਕ ਹੈ। ਢਿੰਗ ਅਸਾਮ ਰਾਜ ਦੇ ਨਾਗਾਓਂ ਜ਼ਿਲੇ ਦਾ ਇੱਕ ਕਸਬਾ ਹੈ; ਇਹੀ ਕਾਰਨ ਹੈ ਕਿ ਉਸਨੂੰ " ਢਿੰਗ ਐਕਸਪ੍ਰੈਸ" ਕਿਹਾ ਜਾਂਦਾ ਹੈ। ਹਿਮਾ ਦਾਸ ਨੇ 400 ਮੀਟਰ ਵਿੱਚ ਮੌਜੂਦਾ ਭਾਰਤ ਦਾ ਰਾਸ਼ਟਰੀ ਰਿਕਾਰਡ ਆਪਣੇ ਨਾਮ ਕੀਤਾ ਹੈ। ਹਿਮਾ ਨੇ ਟੈਂਪਰੇ (ਫਿਨਲੈਂਡ) ਵਿਖੇ ਆਯੋਜਿਤ ਵਰਲਡ ਯੂ-20 ਚੈਂਪੀਅਨਸ਼ਿਪ 2018 ਵਿੱਚ 400 ਮੀਟਰ ਦੀ ਫਾਈਨਲ ਵਿੱਚ ਸੋਨੇ ਦਾ ਤਗਮਾ ਜਿੱਤਿਆ ਸੀ। ਉਹ ਇੱਕ ਅੰਤਰਰਾਸ਼ਟਰੀ ਟਰੈਕ ਈਵੈਂਟ ਵਿੱਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਲੜਕੀ ਹੈ।

ਉਸ ਦਾ ਪੂਰਾ ਨਾਮ ਹਿਮਾ ਦਾਸ ਹੀ ਹੈ, ਪਿਤਾ ਦਾ ਨਾਮ ਸ਼੍ਰੀ ਰੌਨਜੀਤ ਦਾਸ ਇਕ ਛੋਟਾ ਕਿਸਾਨ ਹੈ ਅਤੇ ਮਾਤਾ ਦਾ ਨਾਮ ਸ੍ਰੀਮਤੀ ਜੋਨਾਲੀ ਦਾਸ। ਉਸ ਦਾ ਜਨਮ ਸਥਾਨ ਕਸਬਾ ਢੀਗ, ਜ਼ਿਲਾ ਨਾਗਾਓਂ, ਅਸਾਮ, ਭਾਰਤ ਵਿਚ 9 ਜਨਵਰੀ 2000 ਨੂੰ ਹੋਇਆ। ਸਿਹਤ ਪੱਖੋਂ ਉਸ ਦਾ ਕੱਦ 5 ਫੁੱਟ 6 ਇੰਚ, ਭਾਰ ਕਰੀਬ 52 ਕਿੱਲੋਗ੍ਰਾਮ ਹੈ। ਸਿੱਖਿਆ ਦੇ ਪੱਖੋਂ ਉਸ ਨੇ ਮਈ 2019 ਵਿਚ ਅਸਾਮ ਉੱਚ ਸੈਕੰਡਰੀ ਸਿੱਖਿਆ ਕੌਂਸਲ ਤੋਂ 12 ਵੀਂ ਜਮਾਤ ਦੀ ਪ੍ਰੀਖਿਆ ਪਾਸ ਕੀਤੀ। ਖੇਡਾਂ ਦੀ ਗਲ ਕਰੀਏ ਤਾਂ ਉਹ ਟ੍ਰੈਕ ਅਤੇ ਫੀਲਡ ਵਿਚ ਇਵੈਂਟ (Ë): 100 ਮੀਟਰ, 200 ਮੀਟਰ, 300 ਮੀਟਰ ਅਤੇ 400 ਮੀਟਰ ਵਿਚ ਭਾਗ ਲੈਂਦੀ ਆ ਰਹੀ ਹੈ।

ਉਸ ਦੇ ਨਿੱਜੀ ਦੌੜਾਂ ਦੀ ਗਲ ਕਰੀਏ ਤਾਂ ਉਸ ਦਾ 100 ਮੀਟਰ - 11.74 ਸਕਿੰਟ (2018), 200 ਮੀਟਰ-23.10 ਸਕਿੰਟ (2018), 400 ਮੀਟਰ - 50.79 ਸਕਿੰਟ (2018) ਵਿਚ ਵਧੀਆ ਰਿਕਾਰਡ ਹਨ। ਉਸ ਨੂੰ ਬਹੁਤ ਹੀ ਅੱਛੇ ਕੋਚਾਂ ਨੇ ਬਹੁਤ ਹੀ ਮਿਹਨਤ ਕਰਵਾਈ ਹੈ ਜਿਹਨਾਂ ਦੇ ਨਾਂ ਨਿਪਨ ਦਾਸ, ਨਵਾਬਜੀਤ ਮਲਾਕਰ, ਗੈਲੀਨਾ ਬੁਖਾਰੀਨਾ ਹਨ। 400 ਮੀਟਰ ਦੌੜ ਦੌਰਾਨ ਸਾਲ 2018 ਵਿਚ ਉਸ ਨੇ 50.79 ਸਕਿੰਟ ਵਿਚ ਪੂਰੀ ਕਰਕੇ ਉਸ ਨੇ ਭਾਰਤ ਦਾ ਕੌਮੀ ਰਿਕਾਰਡ ਆਪਣੇ ਨਾਂ ਕੀਤਾ ਹੈ।

ਐਡੀਦਾਸ ਦੇ ਬ੍ਰਾਂਡ ਅੰਬੈਸਡਰ; ਸਤੰਬਰ 2018 ਵਿਚ ਹਿਮਾ ਦਾਸ ਨੇ ਸਪੋਰਟਸ ਦਿੱਗਜ ਐਡੀਡਾਸ ਨਾਲ ਇਕ ਸੌਦੇ 'ਤੇ ਦਸਤਖਤ ਕੀਤੇ ਸਨ। ਕੰਪਨੀ ਨੇ ਇਕ ਬਿਆਨ ਵਿਚ ਕਿਹਾ ਕਿ ਹਿਮਾ ਦਾਸ ਹੁਣ ਆਪਣੀ ਰੇਸਿੰਗ ਅਤੇ ਸਿਖਲਾਈ ਦੀਆਂ ਜ਼ਰੂਰਤਾਂ ਲਈ ਅਡੀਦਾਸ ਵੱਲੋਂ ਸਭ ਤੋਂ ਵਧੀਆ ਸੇਵਾਵਾਂ ਅਤੇ ਸਹੂਲਤਾਂ ਨਾਲ ਲੈਸ ਹੋਵੇਗੀ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਐਡੀਦਾਸ ਕੰਪਨੀ ਕੋਲ ਖੇਡਾਂ ਵਿਚ ਐਥਲੀਟਾਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਆਪਣੇ ਕੈਰੀਅਰ ਦੀ ਸਿਖਰ 'ਤੇ ਪਹੁੰਚਣ ਦੇ ਯੋਗ ਬਣਾਉਣ ਲਈ ਇਕ ਸ਼ਾਨਦਾਰ ਟਰੈਕ ਰਿਕਾਰਡ ਹੈ। ਵਿਸ਼ਵ ਭਰ ਵਿੱਚ ਰੇਸਿੰਗ ਅਤੇ ਸਿਖਲਾਈ ਦੀਆਂ ਸਹੂਲਤਾਂ ਦੇ ਨਾਲ ਐਡੀਦਾਸ ਤੋਂ 10 ਤੋਂ 15 ਲੱਖ ਹਿਮਾਦਾਸ ਨੂੰ ਸਾਲਾਨਾ ਐਂਡੋਰਸਮੈਂਟ ਫੀਸ ਰੁਪਏ ਦੇ ਵਿਚਕਾਰ ਪ੍ਰਾਪਤ ਕਰਨ ਦਾ ਅਨੁਮਾਨ ਹੈ।

ਹਿਮਾ ਦਾਸ ਦੀ ਤਾਜ਼ਾ ਸਫਲਤਾ:ਹਿਮਾ ਦਾਸ ਨੇ ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿਚ 5 ਸੋਨੇ ਦੇ ਤਗਮੇ ਜਿੱਤੇ ਹਨ. ਉਸਦੇ ਰਿਕਾਰਡ ਦੀ ਸੂਚੀ ਇਸ ਪ੍ਰਕਾਰ ਹੈ;

1. 2 ਜੁਲਾਈ, 2019 ਨੂੰ ਉਸਨੇ ਪੋਲੈਂਡ ਵਿਚ ਪੋਜਨ ਅਥਲੈਟਿਕਸ ਗ੍ਰਾਂ ਪ੍ਰੀ ਵਿਚ 200 ਮੀਟਰ ਗੋਲਡ ਜਿੱਤਿਆ ਉਸ ਵਿਚ ਸਮਾਂ 23.65 ਸਕਿੰਟ ਲੱਗਾ।
2. 7 ਜੁਲਾਈ, 2019 ਨੂੰ ਉਸ ਨੇ ਪੋਲੈਂਡ ਵਿਚ ਕੁਟਨ ਐਥ-ਲੈਟਿਕਸ ਮੀਟ ਵਿਚ 200 ਮੀਟਰ ਸੋਨ ਤਮਗਾ ਜਿੱਤਿਆ ਉਸ ਵਿਚ ਸਮਾਂ 23.97 ਸਕਿੰਟ ਸੀ।
3. 13 ਜੁਲਾਈ, 2019 ਨੂੰ ਉਸਨੇ ਚੈੱਕ ਗਣਰਾਜ ਵਿੱਚ ਕਲੈਡਨੋ ਅਥਲੈਟਿਕਸ ਮੀਟ ਵਿੱਚ 200 ਮੀਟਰ ਸੋਨ ਤਮਗਾ ਜਿੱਤਿਆ। ਉਸ ਵਿਚ ਦੌੜ ਦਾ ਸਮਾਂ 23.43 ਸਕਿੰਟ ਹੈ।
4. ਜੁਲਾਈ 17, 2019 ਉਸ ਨੇ ਤਾਬੋਰ ਅਥਲੈਟਿਕਸ ਮੀਟ ਚੈੱਕ ਗਣਰਾਜ ਦਾ 200 ਮੀਟਰ ਦੌੜ ਵਿੱਚ ਸੋਨ ਤਗਮਾ ਜਿੱਤਿਆ ਉਸ ਵਿਚ ਸੁਧਾਰ ਕਰਦੇ ਹੋਏ ਉਸ ਨੇ ਸਮਾਂ 23.25 ਸਕਿੰਟ ਦਾ ਲਿਆ ਸੀ।
5. 20 ਜੁਲਾਈ 2019 ਨੂੰ, ਉਸਨੇ ਨੋਕ ਮੇਸਟੋ, ਚੈੱਕ ਗਣਰਾਜ ਵਿੱਚ 400 ਮੀਟਰ ਵਿੱਚ ਸੋਨੇ ਦਾ ਤਗਮਾ ਜਿੱਤਿਆ; ਸਮਾਂ 52.09 ਸਕਿੰਟ ਸੀ, ਜੋ ਉਸ ਦੇ ਪੁਰਾਣੇ ਸਮੇਂ ਨਾਲੋਂ ਕਾਫੀ ਵੱਧ ਲਗਾ।

**ਹਿਮ ਦੇ ਪੁਰਾਣੇ ਰਿਕਾਰਡ;**

1. ਜੁਲਾਈ ਦਾ ਮਹੀਨਾ ਹਿਮਾ ਲਈ ਖੁਸ਼ਕਿਸਮਤ ਰਿਹਾ. ਪਿਛਲੇ ਸਾਲ ਇਸੇ ਮਹੀਨੇ ਉਸਨੇ ਫਿਨਲੈਂਡ ਦੇ ਟੈਂਪੇਅਰ ਵਿਖੇ ਆਯੋਜਿਤ ਵਰਲਡ ਅੰਡਰ 20 ਚੈਂਪੀਅਨਸ਼ਿਪ 2018 ਵਿੱਚ 400 ਮੀਟਰ ਦੇ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ ਸੀ। ਉਸਨੇ 51.46 ਸੈਕਿੰਡ ਦਾ ਸਮਾਂ ਕੱਢ ਕੇ ਅਤੇ ਇਕ ਅੰਤਰ-ਰਾਸ਼ਟਰੀ ਟਰੈਕ ਈਵੈਂਟ ਵਿਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਸਪ੍ਰਿੰਟਰ ਬਣ ਕੇ ਸੋਨ ਤਮਗਾ ਜਿੱਤਿਆ ਸੀ।
2. ਹਿਮਾ ਨੇ 2018 ਵਿਚ ਏਸ਼ੀਅਨ ਖੇਡਾਂ ਵਿਚ 4 × 400 ਮੀਟਰ ਦੀ ਮਿਕਸਡ ਰੀਲੇਅ ਵਿਚ ਚਾਂਦੀ ਦਾ ਤਗਮਾ ਵੀ ਜਿੱਤਿਆ।
3. ਹਿਮਾ ਨੇ ਮਿਕਸਡ 4 × 400 ਮੀਟਰ ਈਵੈਂਟਾਂ ਵਿੱਚ 2018 ਜਕਾਰਤਾ ਏਸ਼ੀਅਨ ਖੇਡਾਂ ਵਿੱਚ ਵੀ ਸੋਨ ਤਮਗਾ ਜਿੱਤਿਆ।



| ਤਾਰੀਖ | 2016 ਓਲੰਪਿਕ ਖੇਡਾਂ ਵਿਚ ਕਾਂਸੀ ਦਾ ਤਗਮਾ ਜਿੱਤਣਾ ਅਤੇ 2017 ਵਿਸ਼ਵ ਦਾ ਕਾਂਸੀ ਦਾ ਤਗਮਾ ਜਿੱਤਣ ਦਾ ਸਮਾਂ 22.15 ਸਕਿੰਟ ਹੈ | | 2020 ਓਲਿੰਪਿਕਸ ਦੀ ਯੋਗਤਾ ਦਾ ਸਮਾਂ 22.80 ਸੈਕਿੰਡ ਹੈ | 2019 ਵਿਸ਼ਵ ਯੋਗਤਾ ਦਾ ਸਮਾਂ 23.02 ਸਕਿੰਟ ਹੈ | ਹਿਮਾਦਾਸ ਦਾ ਸੋਨ ਤਗਮਾ ਅਤੇ ਰਿਕਾਰਡ ਸਮਾਂ |
|---|---|---|---|---|---|
| 2 ਜੁਲਾਈ | 200 ਮੀਟਰ | | | | ਐਥਲੈਟਿਕਸਜੀਪੀ, ਪੋਜ਼ਨ 23.65 |
| 7 ਜੁਲਾਈ | 200 ਮੀਟਰ | | | | ਕੁਤਨੋਅਥਲੈਟਿਕ ਮੀਟ 23.97 |
| 13 ਜੁਲਾਈ | 200 ਮੀਟਰ | | | | ਕਲੈਂਡੋਅਥਲੈਟਿਕ ਮੀਟ 23.43 |
| 17 ਜੁਲਾਈ | 200 ਮੀਟਰ | | | | ਚੈਕਐਥਲੇਟਿਕ ਮੀਟ 23.25 |
| ਤਾਰੀਖ | 2016 ਓਲੰਪਿਕ ਖੇਡਾਂ ਵਿਚ ਕਾਂਸੀ ਦਾ ਤਗਮਾ ਜਿੱਤਣਾ ਦਾ ਸਮਾਂ-49.85 ਅਤੇ 2017 ਵਿਸ਼ਵ ਦਾ ਕਾਂਸੀਦਾ ਤਗਮਾ ਜਿੱਤਣ ਦਾ ਸਮਾਂ 50.08 ਸਕਿੰਟ ਹੈ | ਹਿਮਾ ਦਾਸਦਾ ਬੈਸਟ ਰਿਕਾਰਡ 50.79 ਸੈਕਿੰਟ | 2020 ਓਲਿੰਪਿਕਸ ਦੀ ਯੋਗਤਾ ਦਾ ਸਮਾਂ 51.35 ਸੈਕਿੰਡ ਹੈ | 2019 ਵਿਸ਼ਵ ਦੀ ਯੋਗਤਾ ਦਾ ਸਮਾਂ 51.80 ਸੈਕਿੰਡ ਹੈ | ਹਿਮਾਦਾਸ ਦਾ ਸੋਨ ਤਗਮਾ ਅਤੇ ਰਿਕਾਰਡ ਸਮਾਂ |
| 20 ਜੁਲਾਈ | 400 ਮੀਟਰ | | | | ਨੇਵੇਮੈਸਟਰੋ, ਚੈਕ ਗਣਰਾਜ ਐਥਲੈਟਿਕ ਮੀਟ 52.09 ਸਕਿੰਟ |

ਹਿਮ ਦੇ ਸਨਮਾਨ ਅਤੇ ਪ੍ਰਸ਼ੰਸਾ ਕੀਤੇ ਗਏ-

1. ਹਿਮਾ ਦਾਸ ਨੂੰ 2018 ਵਿੱਚ ਅਰਜੁਨ ਅਵਾਰਡ ਨਾਲ ਸਨ-ਮਾਨਿਤ ਕੀਤਾ ਗਿਆ ਸੀ।
2. ਹਿਮਾ ਨੂੰ ਸਾਲ 2018 ਵਿਚ ਭਾਰਤ ਦੀ ਯੂਨੈਸਿਫ-ਭਾਰਤ ਦੀ ਪਹਿਲੀ ਯੁਵਾ ਰਾਜਦੂਤ ਨਿਯੁਕਤ ਕੀਤਾ ਗਿਆ ਸੀ।
3. ਭੋਗੇਸ਼ਵਰ ਬੜੂਆਹ ਤੋਂ ਬਾਅਦ ਹਿਮਾ ਦਾਸ ਅਸਾਮ ਦੀ ਇਕੋ ਐਥਲੀਟ ਹੈ ਜਿਸਨੇ ਇਕ ਅੰਤਰਰਾਸ਼ਟਰੀ ਪ੍ਰੋਗਰਾਮ ਵਿਚ ਸੋਨ ਤਗਮਾ ਜਿੱਤਿਆ।
4. ਉਸਨੂੰ ਅਸਾਮ ਦੀ ਸਪੋਰਟਸ ਬ੍ਰਾਂਡ ਅੰਬੈਸਡਰ ਨਿਯੁਕਤ ਕੀਤਾ ਗਿਆ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਹਿਮਾ ਦਾਸ ਸਿਰਫ 19 ਸਾਲ ਦੀ ਹੈ। ਉਹ ਭਾਰਤ ਦੀ ਨਵੀਂ ਸਪ੍ਰਿੰਟ ਦਾ ਧਮਾਕਾ ਹੈ ਅਤੇ ਪੀ.ਟੀ. ਊਸ਼ਾ ਦੇ ਅਮੀਰ ਖੇਡ ਸਭਿਆਚਾਰ ਵਿੱਚ ਕਦਰਾਂ ਕੀਮਤਾਂ ਨੂੰ ਜੋੜਦੀ ਹੈ।

ਉਮੀਦ ਕੀਤੀ ਜਾਂਦੀ ਹੈ ਕਿ ਉਹ 2020 ਵਿਚ ਟੋਕਿਓ ਓਲੰਪਿਕ ਵਿਚ ਟ੍ਰੈਕ ਅਤੇ ਫੀਲਡ ਮੁਕਾਬਲਿਆਂ ਵਿਚ ਭਾਰਤ ਲਈ ਤਗਮੇ ਜਿੱਤੇਗੀ।

ਹਿਮਾ ਦਾਸ ਨੇ ਪਿਛਲੇ ਤਿੰਨ ਹਫਤਿਆਂ ਵਿੱਚ 5 ਸੋਨ ਤਗਮੇ ਜਿੱਤੇ, ਜਿਸ ਵਿਚ ਉਸ ਦੇ ਇਸ ਪ੍ਰਦਰਸ਼ਨ ਨੇ ਸਤੰਬਰ ਮਹੀਨੇ ਵਿਚ ਹੋਣ ਵਾਲੀਆਂ ਵਿਸ਼ਵ ਚੈਂਪੀਅਨਸ਼ਿਪ ਵਿਚ ਉਸ ਵਲੋਂ ਅੱਛੇ ਪ੍ਰਦਰਸ਼ਨ ਕਰਨ ਦੀਆਂ ਉਮੀਦਾਂ ਵਧਾ ਦਿਤੀਆਂ ਹਨ। ਹਿਮਾ ਦਾਸ ਨੂੰ 27 ਸਤੰਬਰ 2019 ਤੋਂ 6 ਅਕਤੂਬਰ 2016 ਦੋਹਾ ਕਤਰ ਵਿਚ ਹੋਣ ਵਿਸ਼ਵ ਚੈਂਪੀਅਨਸ਼ਿਪ ਅਤੇ ਆਈਏਏਐਫ ਦੇ ਸੰਯੁਕਤ ਸਮਾਗਮਾਂ ਦੀ ਚੁਣੌਤੀ ਅਮਰੀਕਾ ਵਿਚ ਅੱਛੇ ਪ੍ਰਦਰਸ਼ਨ ਲਈ ਵੀ ਸਖਤ ਮਿਹਨਤ ਕਰਨੀ ਹੋਵੇਗੀ। ਉਹ ਹਾਲ ਵਿਚ ਐਥਲੈਟਿਕਸ ਫੈਡਰੇਸ਼ਨ ਦੀ ਅੰਤਰਰਾਸ਼ਟਰੀ ਐਸੋਸੀਏਸ਼ਨ (ਆਈਏਏਐਫ) ਦੇ ਸਭ ਤੋਂ ਹੇਠਲੇ ਗਰੁੱਪਾਂ ਦੇ (ਈ) ਅਤੇ (ਐਫ) ਗਰੁੱਪ ਵਿਚ ਭਾਗ ਲੈ ਰਹੀ ਹੈ।

ਹਿਮਾ ਨੇ ਪਿਛਲੇ ਕੁੱਝ ਹਫ਼ਤਿਆਂ ਵਿੱਚ ਜਿੰਨੇ ਮਿਲਕੇ ਪੰਜ ਸੋਨੇ ਦੇ ਤਗਮੇ ਜਿੱਤੇ ਹਨ, ਸ਼ਲਾਘਾਯੋਗ ਅਤੇ ਇਹ ਪਹਿਲਾਂ ਕਦੇ ਨਹੀਂ ਹੋ ਸਕਿਆ। ਪਰ ਇਹ ਉਸ ਨੂੰ ਆਉਣ ਵਾਲੀਆਂ ਵਿਸ਼ਵ ਚੈਂਪੀਅਨਸ਼ਿਪਾਂ ਵਿਚ ਤਮਗਾ ਦੀ ਦਾਅਵੇਦਾਰ ਨਹੀਂ ਬਣਾਉਂਦਾ। ਉਹ ਅਜੇ ਟੋਕਿਓ 2020 ਵਿਚ ਸਰਵਸ੍ਰੇਸ਼ਠ ਨੂੰ ਚੁਣੌਤੀ ਦੇਣ ਲਈ ਤਿਆਰ ਨਹੀਂ ਹੈ। ਉਸਦੀ ਹਰ ਜਿੱਤ ਮੁਕਾਬਲੇ ਵਿਚ ਆ ਗਈ ਹੈ, ਜੋ ਵਿਸ਼ਵ ਐਥਲੈਟਿਕਸ ਪਿਕਿੰਗ ਕ੍ਰਮ ਦੇ ਤਲ 'ਤੇ ਹੈ ਅਤੇ ਜੋ ਉਹ ਦੁਨੀਆ ਦੇ ਪਹਿਲੇ 50 ਵਿਚ ਨਹੀਂ ਹੈ। ਨਤੀਜੇ ਵਜੋਂ ਇਹ ਜ਼ਰੂਰੀ ਹੈ ਕਿ ਜਦੋਂ ਅਸੀਂ ਉਸ ਨੂੰ ਮਨਦੇ ਹਾਂ, ਤਾਂ ਅਸੀਂ ਵੀ ਜਮੀਨੀ ਅਧਾਰਤ ਉਤੇ ਰਹਿਣਾ ਚਾਹੀਦਾ ਹਾਂ ਹਵਾ ਵਿਚ ਨਹੀਂ। 400 ਮੀਟਰ ਦੌੜ ਵਿਚ ਸਮਾਂ ਠੀਕ ਨਾਂ ਕੱਢ ਪਾਉਣਾ ਦਬਾਉ ਦਾ ਹੀ ਕਾਰਨ ਹੈ। ਸਾਨੂੰ ਹਿਮਾ ਨੂੰ ਉਮੀਦਾਂ ਦੇ ਦਬਾਅ ਤੋਂ ਬਚਾਉਣ ਦੀ ਲੋੜ ਹੈ। ਅਜਿਹਾ ਕਰਨ ਲਈ, ਇਸ ਸਮੇਂ ਉਸਦੇ ਬਾਰੇ ਘੱਟ ਹੀ ਕਹਿਣਾਉਸ ਲਈਚੰਗਾ ਹੋਵੇਗਾ। ਸੋਸ਼ਲ ਮੀਡੀਆ 'ਤੇ ਉਤੇ ਚਰਚਾਵਾਂ, ਦਬਾਓ ਵਧਾਉਣ ਦਾ ਕੰਮ ਕਰਦੀਆਂ ਹਨ।ਦੇਸ਼ ਦੇ ਸਭ ਤੋਂ ਵੱਡੀ ਮਾਤਰਾ ਵਿਚ ਟਵੀਟ ਸਿਰਫ ਹਾਇਪ ਨੂੰ ਵਧਾ ਸਕਦੇ ਹਨ ਅਤੇ ਪ੍ਰਸ਼ੰਸਕਾਂ ਨੂੰ ਉਸ ਤੋਂ ਬਹੁਤ ਵੱਡੇ ਚਮਤਕਾਰ ਦੀ ਉਮੀਦ ਹੈ ਅਤੇ ਜੇ ਉਹ ਉਮੀਦ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਇਸ ਦਾ ਦਰਦ ਸਭ ਲਈ ਗੰਭੀਰ ਹੋਵੇਗਾ। ਅਸੀਂ ਉਸ ਤੋ ਬਹੁਤ ਜ਼ਿਆਦਾ ਉਮੀਦ ਵਿਚ ਹਾਂ ਅਤੇ ਅਜਿਹਾ ਕਰਨਾ ਪਸੰਦ ਕਰਦੇ ਹਾਂ।

ਇਹ ਮਹੱਤਵਪੂਰਨ ਹੈ ਕਿ ਅਸੀਂ ਹਿਮਾ ਦੀ ਪ੍ਰਾਪਤੀ ਨੂੰ ਹਕੀਕਤ ਦੀ ਭਾਵਨਾ ਲਈ ਪ੍ਰਸੰਗਿਕ ਕਰੀਏ। ਹਾਲਾਂਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਹ ਇਕ ਉੱਤਮ ਪ੍ਰਤਿਭਾਸ਼ਾਲੀ ਐਥਲੀਟ ਹੈ, ਫਿਰ ਵੀ ਉਹ ਆਪਣੇ ਚੁਣੇ ਹੋਏ ਖੇਤਰ ਵਿਚ ਵਿਸ਼ਵ ਦੀ ਸਰ-ਬੋਤਮ ਬਣਨ ਤੋਂ ਬਹੁਤ ਦੂਰ ਹੈ। ਹਾਲਾਂਕਿ ਅਜਿਹਾ ਕਰਦਿਆਂ, ਅਸੀਂ ਉਸ ਨੂੰ ਨੁਕਸਾਨ ਪਹੁੰਚਾ ਸਕਦੇ ਹਾਂ. ਅਜੇ ਉਸਨੂੰ ਸਮਾਂ ਨਹੀਂ ਆਇਆ ਹੈ। ਜਦੋਂ ਵਿਸ਼ਵ ਚੈਂਪੀਅਨਸ਼ਿਪ ਅਤੇ ਓਲੰਪਿਕ ਦੀ ਗੱਲ ਆਉਂਦੀ ਹੈ ਤਾਂ ਉਸ ਨੂੰ ਹੋਰ ਸਖਤ ਮਿਹਨਤ ਦੀ ਲੋੜ ਹੈ।



**ਹਰਦੀਪ ਸਿੰਘ ਚੁੰਬਰ**
**+91-94636-01616**

ਉਸ ਨੂੰ ਸਭ ਤੋਂ ਵਧੀਆ ਸਹੂਲਤਾਂ ਦਿਓ, ਪਰ ਅਜੇ ਇਹ ਨਾ ਕਹੋ ਕਿ ਉਹ ਸਭ ਤੋਂ ਵਧੀਆ ਹੈ ਜੋ ਅਸੀਂ ਭਾਰਤ ਵਿਚ ਵੇਖੀ ਹੈ। ਹਮੇਸ਼ਾਂ ਵਾਂਗ, ਸਾਡੇ ਦੇਸ਼ ਵਿੱਚ ਭਾਵਨਾ ਉੱਚਾ ਚੁੱਕਦੀ ਹੈ, ਅਤੇ ਜਿਹੜਾ ਵੀ ਸਮਾਂ ਆਉਂਦਾ ਹੈ ਜਦੋਂ ਉਸਨੂੰ ਟ੍ਰੋਲ ਕੀਤਾ ਜਾਂਦਾ ਹੈ, ਅਸਲੀਅਤ ਬਹੁਤ ਵੱਖਰੀ ਹੈ। ਜਦੋਂ ਕਿ ਉਸਦੇ ਸਮਰਥਕ ਪਿਛਲੇ ਕੁਝ ਹਫਤਿਆਂ ਵਿੱਚ ਕਾਫੀ ਵਧੇ ਹਨ, ਅਸਲ ਮਹੱਤਤਾ ਦੀ ਗੱਲ ਇਹ ਹੈ ਕਿ ਉਹ ਆਪਣੇ ਨਵੇਂ ਮਿਲੇ ਸਟਾਰਡਮ ਦਾ ਮੁਕਾਬਲਾ ਕਿਵੇਂ ਕਰਦੀ ਹੈ।

ਬਹੁਤ ਵਾਰ ਅਕਸਰ ਇੱਕ ਪਰਮ ਪ੍ਰਤਿਭਾਵਾਨ ਅਥਲੀਟ ਫੇਲ ਹੁੰਦੇ ਵੇਖਿਆ ਹੈ, ਉਮੀਦਾਂ ਦੇ ਭਾਰ ਨਾਲ ਨਜਿੱਠਣ ਵਿੱਚ ਅਸਮਰਥ ਅਤੇ ਭਾਰਤ ਵਿਚ, ਇਕ ਅਜਿਹਾ ਦੇਸ਼ ਜਿਸ ਕੋਲ ਅਜੇ ਵੀ 100 ਸਾਲਾਂ ਦੇ ਓਲੰਪਿਕ ਮੁਕਾਬਲੇ ਵਿਚ ਪ੍ਰਦਰਸ਼ਿਤ ਕਰਨ ਲਈ ਸਿਰਫ ਇਕ ਵਿਅਕਤੀਗਤ ਸੋਨ ਤਗਮਾ ਹੈ, ਦਬਾਅ ਬਹੁਤ ਜ਼ਿਆਦਾ ਹੋ ਸਕਦਾ ਹੈ।

ਬੀਜਿੰਗ 2008 ਤੋਂ ਬਾਅਦ ਦੇ ਦਿਨਾਂ ਵਿੱਚ ਅਭਿਨਵ ਬਿੰਦਰਾ ਦੀ ਉਦਾਸੀ ਦੀ ਵਿਆਖਿਆ ਇਹ ਹੀ ਹੁੰਦੀ ਹੈ। 25 ਸਾਲਾਂ ਦੀ ਉਮਰ ਪਹਿਲਾਂ ਹੀ ਪੂਰੀ ਹੋ ਚੁੱਕੀ ਸੀ। ਸੋਨ ਤਮਗਾ ਜਿੱਤਿਆ ਇਹ ਉਸ ਦਾ ਡੂੰਘਾ ਸੰਕਲਪ ਸੀ ਜਿਸਨੇ ਉਸਨੂੰ ਇੱਕ ਨਵਾਂ ਉਦੇਸ਼ ਬਣਾਉਣ ਲਈ ਪ੍ਰੇਰਿਆ। ਇੱਥੇ ਹੀ ਹਿਮਾ ਧਿਆਨ ਵਿੱਚ ਆਉਂਦੀ ਹੈ। ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਉਹ ਪ੍ਰਤਿਭਾਵਾਨ ਹੈ, ਬਹੁਤ ਜ਼ਿਆਦਾ। ਉਹ ਕੱਚੀ ਅਤੇ ਕਮਜ਼ੋਰ ਵੀ ਹੈ ਅਤੇ ਉਹ ਹਾਲੇ ਦੁਨੀਆ ਵਿਚ ਸਰਬੋਤਮ ਨਹੀਂ ਹੈ, ਉਹ ਜਾਣਦੀ ਹੈ ਪਰ ਕੀ ਅਸੀਂ?

ਹਿਮਾ ਦਾਸ ਨੇ ਪੰਜ ਸੋਨ ਤਮਗੇ ਜਿੱਤੇ ਹਨ. ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਕ੍ਰਿਕਟ ਪ੍ਰਤੀਨਿਧ ਸਚਿਨ ਤੇਂਦੂਲਕਰ ਤਕ, ਹਰ ਕੋਈ ਉਸ ਨੂੰ ਵਧਾਈ ਦਿਤੀ ਹੈ। ਇਸ ਦੌਰਾਨ, ਨੈਪੋਲੀ ਵਿਖੇ ਸਮਰ ਯੂਨੀਵਰਸਿਟੀ ਦੀਆਂ ਖੇਡਾਂ ਵਿਚ ਦਤੀ ਚੰਦ ਸੋਨੇ ਦੀ ਜੇਤੂ 100 ਮੀਟਰ ਦੌੜ ਨਾਲ ਸਮੇਂ ਨੂੰ ਵੀ ਸੁਧਾਰਿਆ ਹੈ, ਹੋਰ ਵਧੇਰੇ ਪ੍ਰਸ਼ੰਸਾ ਕਰਨੀ ਬਣਦੀ ਹੈ।

ਸਾਡੀ ਐਥਲੈਟਿਕਸ ਦੀ ਕੁਝ ਸਮਝ ਦੀ ਘਾਟ ਨੂੰ ਵੀ ਦਰਸਾਉਂਦੀ ਹੈ। ਜੋ ਵੀ ਭੁੱਲ ਗਿਆ ਜਾਪਦਾ ਹੈ ਉਹ ਹੈ ਕਿ ਮੁਹੰਮਦ ਅੰਸ ਯਾਹੀਆ ਦੀ ਦੋਹਾ, ਕਤਰ ਵਿਚ 2019 ਦੇ ਆਈਏਏਐਫ ਵਿਸ਼ਵ ਚੈਂਪੀਅਨਸ਼ਿਪ ਲਈ ਯੋਗਤਾ।

13 ਜੁਲਾਈ ਨੂੰ ਚੈੱਕ ਗਣਰਾਜ ਵਿੱਚ ਕਲੈਡਨੋ ਅਥਲੈਟਿਕਸ ਮੀਟ ਵਿੱਚ, ਮੁਹੰਮਦਅੰਸ ਨੇ 400 ਮੀਟਰ ਵਿੱਚ ਸਮੇ ਦਾ ਹੋਰ ਸਧਾਰ ਕਰਦੇ ਹੋਏ, 45.21 ਸਕਿੰਟ ਦਾ ਸਮਾਂ ਕਢਿਆ ਅਤੇ ਸੋਨੇ ਦਾ ਤਗਮਾ ਜਿੱਤਣ ਵਿਚ ਸਫਲ ਹੋਇਆ। ਵਰਲਡ ਚੈਂਪੀਅਨਸ਼ਿਪਸ ਵਿੱਚ ਭਾਗ ਲੈਣ ਲਈ ਇਸ ਦੌੜ ਦੀ ਯੋਗਤਾ ਦੇ ਸਮੇ ਦਾ ਮਾਪਦੰਡ 45.30 ਸਕਿੰਟ ਨਿਰਧਾਰਤ ਕੀਤਾ ਗਿਆ ਸੀ, ਉਹ ਇਸ ਨੂੰ ਪੂਰਾ ਕਰਨ ਵਿਚ ਸਫਲ ਰਿਹਾ ਹੈ, ਵਧਾਈ ਦਾ ਖਾਸ ਹੱਕਦਾਰ ਹੈ। ਵਰਲਡ ਚੈਂਪੀਅਨਸ਼ਿਪਸ ਵਿੱਚ ਇਸ ਸਮੇਂ ਯੋਗਤਾ ਦੇ ਮਾਪਦੰਡ ਨੂੰ ਦਾਸ ਅਤੇ ਚੰਦ ਦੋਵੇਂ ਅਜੇ ਤੱਕ ਪ੍ਰਾਪਤ ਨਹੀਂ ਕਰ ਸਕੀਆਂ। ਪਰ ਤਿੰਨੋਂ ਸਟਾਰ ਐਥਲੀਟਾਂ ਦੀਆਂ ਪ੍ਰਾਪਤੀਆਂ ਦੇ ਬਾਵਜੂਦ, ਉਨ੍ਹਾਂ ਨੂੰਸਰਬੋਤਮ ਐਥਲੀਟ ਬਣਨ ਲਈ ਅਜੇ ਲੰਮਾਪੈਂਡਾ ਤਹਿ ਕਰਨਾ ਹੈ। ਸਾਰੇ ਭਾਰਤੀਆਂ ਦੀਆਂ ਸੁਭਇਛਾਵਾਂ ਦੇ ਨਾਲ ਹਨ। ਉਹਨਾ ਦੀ ਸਖਤ ਮਿਹਨਤ ਦੇ ਨਾਲ ਹੀ ਇੱਕਾਗਰਤਾ ਦਾ ਲਗਾਤਾਰ ਬਣੇ ਰਹਿਣਾ ਜਰੂਰੀ ਹੈ। ਹੁਣ ਉਮੀਦਾਂ ਦੇ ਭਾਰ ਥੱਲੇ ਉਹਨਾਂ ਨੂੰ ਲਗਾਤਾਰਖੇਢ ਵਿਚ ਹੋਰ ਸੁਧਾਰ ਲਿਆਉਣਾ ਅਤੀ ਜਰੂਰੀ ਹੈ।

# ਪ੍ਰਿਯੰਕਾ ਗਾਂਧੀ ਨੂੰ ਕਾਂਗਰਸ ਪ੍ਰਧਾਨ ਬਣਾਉਣ ਲਈ ਚਰਚਾ ਆਰੰਭ

**ਚੰਡੀਗੜ੍ਹ (ਬਿਊਰੋ)-** ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ 'ਚ ਭਰੋਸਾ ਜ਼ਾਹਿਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਪ੍ਰਿਯੰਕਾ ਗਾਂਧੀ ਕਾਂਗਰਸ ਦੀ ਪ੍ਰਧਾਨ ਚੁਣੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਚੁਫ਼ੇਰਿਓਂ ਸਮਰਥਨ ਮਿਲੇਗਾ। ਮੁੱਖ ਮੰਤਰੀ ਨੇ ਇੱਥੇ ਕਾਂਗਰਸ ਦੀ ਪ੍ਰਧਾਨਗੀ ਤੋਂ ਰਾਹੁਲ ਗਾਂਧੀ ਵੱਲੋਂ ਪਿੱਛੇ ਹਟਣ ਦੇ ਫ਼ੈਸਲੇ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਭਾਰਤ ਨੌਜਵਾਨਾਂ ਦਾ ਦੇਸ਼ ਹੈ ਅਤੇ ਨੌਜਵਾਨ ਆਗੂ ਹੀ ਇਸ ਦੀ ਅਗਵਾਈ ਕਰਨ ਲਈ ਢੁੱਕਵਾਂ ਹੈ। ਕਾਂਗਰਸੀ ਆਗੂ ਸ਼ਸ਼ੀ ਥਰੂਰ ਦੇ ਬਿਆਨ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਪ੍ਰਿਯੰਕਾ ਗਾਂਧੀ ਪਾਰਟੀ ਦੇ ਮੁਖੀ ਵੱਜੋਂ ਬਹੁਤਿਆਂ ਦੀ ਪਸੰਦ ਹੋਣਗੇ। ਕੈਪਟਨ ਨੇ ਕਿਹਾ ਕਿ ਪ੍ਰਿਯੰਕਾ ਗਾਂਧੀ ਪਾਰਟੀ ਦੀ ਵਾਗਡੋਰ ਸੰਭਾਲਣ ਲਈ ਢੁੱਕਵੇਂ ਹਨ ਪਰ ਫ਼ੈਸਲਾ ਕਾਂਗਰਸ ਵਰਕਿੰਗ ਕਮੇਟੀ (ਸੀ ਡਬਲਿਊ ਸੀ) 'ਤੇ ਨਿਰਭਰ ਕਰਦਾ ਹੈ ਜੋ ਕਿ ਇਸ ਮਾਮਲੇ 'ਤੇ ਫ਼ੈਸਲਾ ਲੈਣ ਲਈ ਅਧਿਕਾਰਤ ਹੈ।



ਮੁੱਖ ਮੰਤਰੀ ਨੇ ਪਹਿਲਾਂ ਵੀ ਪਾਰਟੀ ਦੀ ਵਾਗਡੋਰ ਕਿਸੇ ਨੌਜਵਾਨ ਆਗੂ ਨੂੰ ਸੌਂਪਣ ਦੀ ਵਕਾਲਤ ਕੀਤੀ ਸੀ। ਉਨ੍ਹਾਂ ਦਲੀਲ ਦਿੱਤੀ ਕਿ ਨੌਜਵਾਨ ਆਗੂ ਹੀ ਨੌਜਵਾਨਾਂ ਦੀਆਂ ਖ਼ਾਹਿਸ਼ਾਂ ਨੂੰ ਸਮਝ ਤੇ ਉਨ੍ਹਾਂ ਦੀ ਪੂਰਤੀ ਕਰ ਸਕਦਾ ਹੈ। ਇਕ ਸਵਾਲ ਦੇ ਜਵਾਬ ਵਿਚ ਕੈਪਟਨ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਦੇ ਮੱਦੇਨਜ਼ਰ ਪਾਰਟੀ ਨੂੰ ਮੁੜ ਇਕਜੁੱਟ ਕਰਨ ਲਈ ਇਕ ਸਰਗਰਮ ਨੌਜਵਾਨ ਆਗੂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਪ੍ਰਿਯੰਕਾ ਗਾਂਧੀ ਮੁਲਕ ਦੀਆਂ ਜ਼ਰੂਰਤਾਂ ਨੂੰ ਸਮਝਣ ਅਤੇ ਪੂਰਤੀ ਦੇ ਪੂਰੀ ਤਰ੍ਹਾਂ ਸਮਰੱਥ ਹਨ। ਉਨ੍ਹਾਂ 'ਚ ਕਿਸੇ ਵੀ ਚੁਣੌਤੀ ਨਾਲ ਸਿੱਝਣ ਦਾ ਹੌਸਲਾ ਹੈ। ਮੁੱਖ ਮੰਤਰੀ ਨੇ ਉਨਾਓ ਜਬਰ ਜਨਾਹ ਮਾਮਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ 'ਕੀ ਅਸੀਂ ਜੰਗਲ ਰਾਜ ਵਿੱਚ ਜਿਉਂ ਰਹੇ ਹਾਂ?' ਉਨ੍ਹਾਂ ਕਿਹਾ ਕਿ ਜੇ ਅਸੀ ਆਪਣੀਆਂ ਧੀਆਂ ਦੀ ਰੱਖਿਆ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੂੰ ਨਿਆਂ ਨਹੀਂ ਦੇ ਸਕਦੇ ਤਾਂ ਅਸੀਂ ਇਕ ਰਾਸ਼ਟਰ ਵਜੋਂ ਤਬਾਹ ਹੋ ਜਾਵਾਂਗੇ।' ਮੁੱਖ ਮੰਤਰੀ ਨੇ ਇਸ ਮਾਮਲੇ ਵਿਚ ਨਿਆਂ ਦੀ ਮੰਗ ਕੀਤੀ।

# ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਤ੍ਰੈ-ਮਾਸਿਕ ਮਿਲਣੀ





ਇਸ ਵਾਰ ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਤ੍ਰੈ-ਮਾਸਿਕ ਮਿਲਣੀ 20 ਜੁਲਾਈ, 2019 ਨੂੰ ਬਲਵੀਰ ਕੌਰ ਸੰਘੇੜਾਂ ਤੇ ਲਾਲ ਸਿੰਘ ਸੰਘੇੜਾ ਜੀ ਦੇ ਨਿਵਾਸ ਤੇ ਹੋਈ। ਭਾਰਤ ਦੇ ਜੰਮੂ ਕਸ਼ਮੀਰ ਸੂਬੇ ਤੋਂ ਸੁਰਿੰਦਰ ਨੀਰ ਅਤੇ ਬਲਜੀਤ ਸਿੰਘ ਰੈਣਾ ਅਤੇ ਭਾਰਤੀ ਪੰਜਾਬ ਤੋਂ ਮਿਨੀ ਕਹਾਣੀ ਲੇਖਕ ਤੇ ਅਣੂ ਪਰਚੇ ਦੇ ਸੰਪਾਦਕ ਸੁਰਿੰਦਰ ਕੈਲੇ ਜੀ ਇਸ ਵਾਰ ਦੀ ਕਹਾਣੀ ਵਿਚਾਰ ਮੰਚ ਦੀ ਮੀਟਿੰਗ ਦੇ ਵਿਸ਼ੇਸ਼ ਮਹਿਮਾਨ ਸਨ।

ਪਹਿਲੀ ਕਹਾਣੀ ਸੁਰਿੰਦਰ ਕੌਰ ਨੀਰ ਜੀ ਵਲੋਂ ਪੜੀ ਗਈ। ਸੁਰਿੰਦਰ ਕੌਰ ਨੀਰ ਜੀ ਇਕ ਸਥ-ਾਪਿਤ ਕਹਾਣੀ ਕਾਰ ਤੇ ਨਾਵਲਕਾਰ ਹਨ ਅਤੇ ਅੱਜ ਕਲ੍ਹ ਉਹ ਕੈਨੇਡਾ ਆਏ ਹੋਏ ਹਨ। ਸੁਰਿੰਦਰ ਕੌਰ ਜੀ ਦੀ ਇਸ ਕਹਾਣੀ ਦਾ ਨਾਮ "ਕਾਗ" ਸੀ ਜੋ ਹਾਜ਼ਰ ਸਰੋਤਿਆਂ ਵਲੋਂ ਬਹੁਤ ਪਸੰਦ ਕੀਤੀ ਗਈ ਜਿਸ ਉਪਰ ਕਹਾਣੀ ਵਿਚਾਰ ਮੰਚ ਦੇ ਮੈਂਬਰਾਂ ਵਲੋਂ ਉਸਾਰੂ ਵਿਚਾਰ ਚਰਚਾ ਵੀ ਹੋਈ।

ਇਸ ਕਹਾਣੀ ਵਿਚ ਜਿੱਥੇ ਪੰਛੀਆਂ ਦਾ ਮਨੋਵਿਗਿਆਨਕ ਚਿੱਤਰਣ ਅਤੇ ਮਾਂ ਦੀ ਮਮਤਾ ਦੀ ਭਾਵੁਕ ਪੇਸ਼ਕਾਰੀ ਬਹੁਤ ਸ਼ਿੱਦਤ ਨਾਲ ਪੇਸ਼ ਕੀਤੀ ਗਈ ਸੀ, ਇਸ ਦੇ ਨਾਲ਼ ਨਾਲ਼ ਇਸ ਕਹਾਣੀ ਵਿਚ ਕਾਗ ਦਾ ਪ੍ਰਤੀਕ ਵਰਤ ਕੇ ਸਾਡੇ ਆਪਣਿਆਂ ਵਿਚ ਹੀ ਲੁਕੇ ਹੋਏ ਮਤਲਬ-ਪ੍ਰਸਤ ਅਤੇ ਦੋਗਲ਼ੀ ਸੋਚ ਵਾਲ਼ੇ ਕਿਰਦਾਰਾਂ ਤੇ ਡੂੰਘਾ ਵਿਅੰਗ ਕੱਸਦੀ ਇਹ ਕਹਾਣੀ ਚੰਗਾ ਪ੍ਰਭਾਵ ਸਿ-ਰਜਦੀ ਨਜ਼ਰ ਆਈਲ ਇਹ ਇਕ ਬਹੁਤ ਡੂੰਘੇ ਵਿਸ਼ੇ ਦੀ ਸੋਹਣੀ ਪੇਸ਼ਕਾਰੀ ਸੀ।

ਸੁਰਿੰਦਰ ਕੈਲੇ ਜੀ ਨੇ ਵੀ ਇਕ ਬਹੁਤ ਖ਼ੂਬਸੂਰਤ ਮਿੰਨੀ ਕਹਾਣੀ "ਦੋਹਾਂ ਪੁੜਾਂ ਵਿਚਕਾਰ" ਪੜ੍ਹ ਕੇ ਸਰੋਤਿਆਂ ਵਲੋਂ ਵਾਹ ਵਾਹ ਖੱਟੀ। ਕਸ਼ਮੀਰ ਘਾਟੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦੀ ਇਹ ਛੋਟੀ ਜਿਹੀ ਕਹਾਣੀ ਡੂੰਘੇ ਅਰਥ ਸਿਰਜ ਗਈ।

ਤੀਸਰੀ ਕਹਾਣੀ ਮੇਜਰ ਮਾਂਗਟ ਜੀ ਦੀ "ਸਲਫਾਸ" ਸੀ ਜੋ ਸਭ ਨੂੰ ਬਹੁਤ ਪਸੰਦ ਆਈ। ਇਹ ਕਹਾਣੀ ਭਾਰਤੀ ਪੰਜਾਬ ਵਿਚ ਕਰਜ਼ੇ ਦੀ ਮਾਰ ਹੇਠ ਪਿੱਸਦੀ ਅਤੇ ਸਲਫਾਸ ਖਾ ਖਾ ਖੁਦਕੁਸ਼ੀਆਂ ਦੇ ਰਾਹ ਤੇ ਤੁਰੀ ਕਿਰਸਾਨੀ, ਨਸ਼ਿਆਂ ਦੇ ਵੱਧਦੇ ਪ੍ਰਭਾਵਾਂ ਹੇਠ ਤ੍ਰਾਸਦੀ ਸਹਿੰਦੀ ਪੰਜਾਬ ਦੀ ਜਵਾਨੀ, ਭੈੜੀ ਅਤੇ ਭ੍ਰਿਸ਼ਟ ਰਾਜਨੀਤੀ ਅਤੇ ਅਜੋਕੇ ਪਦਾਰਥਵਾਦੀ ਯੁੱਗ ਵਿਚ ਪਰਿਵਾਰਕ ਰਿਸ਼ਤਿਆਂ ਵਿਚ ਆਰਥਿਕਤਾ ਭਾਰੂ ਹੋਣ ਕਾਰਣ ਹੁੰਦੇ ਘਾਣ ਵਰਗੇ ਗੰਭੀਰ ਅਤੇ ਗਹਿਰੇ ਮੁੱਦਿਆਂ ਦੀ ਬਹੁਤ ਸੋਹਣੀ ਪੇਸ਼ਕਾਰੀ ਸੀ  ਜਿਸ ਤੇ ਕਾਫ਼ੀ ਵਿਚਾਰ ਚਰਚਾ ਹੋਈ ਅਤੇ ਕਿਰਸਾਨੀ ਸਮਸਿਆਵਾਂ ਨੂੰ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਕਰਕੇ ਮੇਜਰ ਮਾਂਗਟ ਜੀ ਦੀ ਇਸ ਕਹਾਣੀ ਨੂੰ ਵੀ ਭਰਵਾਂ ਹੁੰਗਾਰਾ ਮਿਲ਼ਿਆ ਅਤੇ ਕਹਾਣੀ ਨੂੰ ਬਹੁਤ ਸਲਾਹਿਆ ਗਿਆ।

ਤੀਸਰੀ ਕਹਾਣੀ ਡਾ ਜਤਿੰਦਰ ਕੌਰ ਰੰਧਾਵਾ ਦੀ ਸੀ, ਜਿਸ ਦਾ ਸਿਰਲੇਖ ਸੀ "ਘਰ-ਵਾਪਸੀ", ਇਹ ਕਹਾਣੀ ਕੈਨੇਡਾ ਦੇ ਏਅਰਪੋਰਟ ਤੇ ਵਾਪਰਦੇ ਇਕ ਘਟਨਾਕ੍ਰਮ ਨੂੰ ਬਹੁਤ ਭਾਵੁਕਤਾ ਅਤੇ ਜੀਵੰਤ ਢੰਗ ਨਾਲ ਪੇਸ਼ ਕਰਦੀ ਕਹਾਣੀ ਸੀ। ਇਸ ਕਹਾਣੀ ਵਿਚ ਕੈਨੈਡਿਅਨ ਇਮੀਗ੍ਰੇਸ਼ਨ ਸਿਸਟਮ ਅਤੇ ਗੈਰਕਾਨੂੰਨੀ ਢੰਗ ਨਾਲ ਘੁਸਪੈਠ ਕਰਦੇ ਲੋਕਾਂ ਦੀ ਸਮੱਸਿਆ ਨੂੰ ਛੋਹਿਆ ਗਿਆ ਸੀ। ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਹੱਥੇ ਚੜ੍ਹੇ ਇਕ ਪਰਿਵਾਰ ਦੇ ਕੁੱਛ ਮੈਂਬਰ ਅਤੇ ਗ਼ੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਬਾਕੀ ਜੀਆਂ ਦਾ ਮਿਲਾਪ ਅਤੇ ਏਅਰਪੋਰਟ ਤੋਂ ਹੀ ਵਾਪਸ ਘਰ ਭੇਜਣ ਦੀ ਵਿੱਥਿਆ ਦੀ ਭਾਵੁਕ ਪੇਸ਼ਕਾਰੀ ਵਾਲੀ ਇਸ ਕਹਾਣੀ ਤੇ ਕਹਾਣੀ ਵਿਚਾਰ ਮੰਚ ਦੇ ਮੈਂਬਰਾਂ ਵਲੋਂ ਉਸਾਰੂ ਬਹਿਸ ਵੀ ਹੋਈ। ਇਸ ਕਹਾਣੀ ਦੀ ਰੌਚਕ ਭਾਸ਼ਾ ਸ਼ੈਲੀ ਅਤੇ ਵਿਚਾਰ ਪ੍ਰਵਾਹ ਨੂੰ ਪਸੰਦ ਕੀਤਾ ਗਿਆ।

# ਗੁਰੂ ਨਾਨਕ ਖਾਲਸਾ ਕਾਲਜ ਸ਼ਾਮਚੁਰਾਸੀ ਨੇ ਵਣ ਮਹਾਉਤਸਵ ਮੌਕੇ ਲਗਾਏ ਬੂਟੇ



**ਸ਼ਾਮਚੁਰਾਸੀ (ਚੁੰਬਰ) –** ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ ਸ਼ਾਮਚੁਰਾਸੀ ਵਿਖੇ ਵਾਤਾਰਵਣ ਦੀ ਸ਼ੁੱਧਤਾ ਲਈ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕਰਕੇ ਕਾਲਜ ਦੇ ਵਿਹੜੇ ਵਿਚ ਵੱਖ-ਵੱਖ ਬੂਟੇ ਲਗਾਏ ਗਏ। ਇਸ ਮੌਕੇ ਕਾਲਜ ਦੇ ਪ੍ਰਬੰਧਕ ਪਰਮਿੰਦਰ ਸਿੰਘ ਢਿੱਲੋਂ ਅਤੇ ਪ੍ਰਿੰ. ਡਾ. ਜਸਵੀਰ ਕੌਰ ਨੇ ਕਿਹਾ ਕਿ ਅਜੋਕਾ ਸਮਾਂ ਇਹ ਮੰਗ ਕਰਦਾ ਹੈ ਕਿ ਵਾਤਾਵਰਣ ਨੂੰ ਸ਼ੁੱਧ ਅਤੇ ਸਾਫ਼ ਸੁਥਰਾ ਰੱਖਣ ਲਈ ਵੱਧ ਤੋਂ ਵੱਧ ਲਗਾਏ ਜਾਣ। ਜਿਸ ਪ੍ਰੀਕ੍ਰਿਆ ਅਧੀਨ ਉਨ੍ਹਾਂ ਦੇ ਸਟਾਫ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਕਾਲਜ ਅਸਥਾਨ ਤੋਂ ਇਲਾਵਾ ਹੋਰ ਜਨਤਕ ਥਾਵਾਂ ਤੇ ਸੈਂਕੜੇ ਬੂਟੇ ਲਗਾਉਣ ਦਾ ਪ੍ਰਣ ਲਿਆ। ਇਸ ਮੌਕੇ ਸੁਪਰਡੈਂਟ ਕਰਮਜੀਤ ਕੌਰ, ਡਾ. ਸੁਖਵੀਰ ਕੌਰ (ਪੰਜਾਬੀ), ਪ੍ਰੋ. ਹਰਜਿੰਦਰ ਸਿੰਘ (ਪੰਜਾਬੀ), ਪ੍ਰੋ. ਅਮਨਦੀਪ ਕੌਰ (ਅੰਗਰੇਜ਼ੀ), ਪ੍ਰੋ. ਰਜਿੰਦਰ ਕੌਰ (ਹਿੰਦੀ), ਪ੍ਰੋ. ਧਰਮਵੀਰ (ਹਿਸਟਰੀ), ਪ੍ਰੋ. ਜਸਵੀਰ ਕੌਰ (ਕੰਪਿਊਟਰ ਸਾਇੰਸ), ਪ੍ਰੋ. ਗੁਰਪ੍ਰੀਤ ਸਿੰਘ (ਪੋਲੀਟੀਕਲ ਸਾਇੰਸ), ਪ੍ਰੋ. ਹਰਮਨਦੀਪ ਸਿੰਘ (ਫਿਜਿਕਲ ਐਜੂਕੇਸ਼ਨ), ਪ੍ਰੋ. ਰਾਜਵਿੰਦਰ ਕੌਰ (ਇਕਨੌਮਿਕਸ) ਸਮੇਤ ਕਾਲਜ ਦੀਆਂ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਐਨ.ਆਰ.ਆਈ. ਪਰਿਵਾਰ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ



**ਲੋਹੀਆਂ ਖਾਸ–** ਸਥਾਨਕ ਵਾਰਡ ਨੰਬਰ 12 ਦੇ ਐਨ. ਆਰ. ਆਈ. ਮਾ. ਸੰਤੋਖ ਸਿੰਘ ਦੇ ਪਰਿਵਾਰ ਵੱਲੋਂ ਵਿਦੇਸ਼ 'ਚ ਰਹਿੰਦੇ ਹੋਏ ਸਮਾਜਿਕ ਸੇਵਾ 'ਚ ਆਪਣਾ ਯੋਗਦਾਨ ਪਾਉਣ ਲਈ ਇਕ ਹੋਰ ਪੁਲਾਂਘ ਪੁੱਟਦੇ ਹੋਏ ਪਿਛਲੇ ਸਾਲਾਂ ਵਾਂਗ ਇਸ ਵਾਰ ਫਿਰ 20 ਦੇ ਕਰੀਬ ਲੋੜਵੰਦ ਪਰਿਵਾਰਾਂ ਨੂੰ ਤਿੰਨ-ਤਿੰਨ ਮਹੀਨੇ ਦਾ ਰਾਸ਼ਨ ਵੰਡਿਆ ਗਿਆ। ਵਰਣਨਯੋਗ ਹੈ ਕਿ ਪਿਛਲੇ ਸਾਲ ਮਾ. ਸੰਤੋਖ ਸਿੰਘ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਸਰਦੀ ਦੇ ਮੌਸਮ ਵਿਚ ਕੰਬਲ ਵੀ ਵੰਡੇ ਗਏ ਸਨ। ਇਸ ਉਪਰਾਲੇ ਲਈ ਕੌਂ-ਸਲਰ ਰਾਜਵੰਤ ਕੌਰ, ਹਰਮੇਸ਼ ਲਾਲ ਮੇਸ਼ੀ, ਰਿਟਾਇਰਡ ਫੌਜੀ ਹਰਭਜਨ ਲਾਲ ਤੇ ਹੋਰ ਪਤਵੰਤੇ ਸੱਜਣਾਂ ਨੇ ਮਾ. ਸੰਤੋਖ ਸਿੰਘ ਦੇ ਪਰਿਵਾਰ ਦਾ ਧੰ-ਨਵਾਦ ਕੀਤਾ।

# ਕੋਟਕਪੂਰਾ ਗੋਲੀ ਕਾਂਡ: ਕੇਸ ਦੀ ਸੁਣਵਾਈ ਟਲੀ

**ਫ਼ਰੀਦਕੋਟ–** ਕੋਟਕਪੂਰਾ ਗੋਲੀ ਕਾਂਡ ਮਾਮਲੇ 'ਚ ਇੱਥੋਂ ਦੀ ਅਦਾਲਤ 'ਚ ਲੰਮੀ ਸੁਣਵਾਈ ਹੋਈ। ਅਦਾਲਤ ਨੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਵੱਲੋਂ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀਆਂ ਖ਼ਿਲਾਫ਼ ਰੱਖਿਆ ਪੱਖ ਸੁਣਨ ਤੋਂ ਬਾਅਦ ਮਾਮਲੇ ਦੀ ਸੁਣਵਾਈ ਬੁੱਧਵਾਰ ਤੱਕ ਟਾਲ ਦਿੱਤੀ। ਅੱਜ ਅਦਾਲਤ ਵਿਚ ਸੁਣਵਾਈ ਦੌਰਾਨ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ, ਪੁਲੀਸ ਅਧਿਕਾਰੀ ਗੁਰਦੀਪ ਸਿੰਘ ਪੰਧੇਰ ਅਤੇ ਪਰਮਜੀਤ ਸਿੰਘ ਪੰਨੂ ਹਾਜ਼ਰ ਹੋਏ ਜਦਕਿ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੂੰ ਨਿੱਜੀ ਪੇਸ਼ੀ ਤੋਂ ਛੋਟ ਮਿਲੀ ਹੋਈ ਹੈ। ਹੁਣ ਇਸ ਮਾਮਲੇ 'ਚ ਅਗਲੀ ਸੁਣਵਾਈ 1 ਅਗਸਤ ਨੂੰ ਹੋਵੇਗੀ। ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਪੁਲੀਸ ਅਧਿਕਾਰੀਆਂ ਵੱਲੋਂ ਦਾਇਰ ਅਰਜ਼ੀ ਨੂੰ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ 'ਚ ਮੁਲਜ਼ਮਾਂ ਵਜੋਂ ਨਾਮਜ਼ਦ ਕੀਤੇ ਗਏ ਪੁਲੀਸ ਅਧਿਕਾਰੀ ਮਾਮਲੇ ਦੀ ਸੁਣਵਾਈ ਨੂੰ ਜਾਣਬੁੱਝ ਕੇ ਲਟਕਾਉਣਾ ਚਾਹੁੰਦੇ ਹਨ।




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



A & S
Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਵੱਡੇ ਅਹੁਦੇ ਛੋਟੀਆਂ ਗੱਲਾਂ

ਅੰਗ-ਸੰਗ



ਸ਼ਾਮ ਸਿੰਘ
98141-13338

ਉੱਚੀਆਂ ਥਾਵਾਂ 'ਤੇ ਪਹੁੰਚ ਕੇ ਨੀਵੀਂਆਂ ਗੱਲਾਂ ਕਰਨੀਆਂ ਠੀਕ ਨਹੀਂ। ਵੱਡਿਆਂ ਅਹੁਦਿਆਂ 'ਤੇ ਪਹੁੰਚਣ ਵਾਲੇ ਛੋਟੀਆਂ ਗੱਲਾਂ ਕਰਨ ਤਾਂ ਉਨ੍ਹਾ ਦੇ ਅੰਦਰਲਾ ਛੋਟਾਪਨ ਛੁਪਿਆ ਨਹੀਂ ਰਹਿੰਦਾ। ਜਦੋਂ ਇਹੋ ਜਹੇ ਵਰਤਾਰੇ ਦਾ ਸਾਹਮਣਾ ਹੁੰਦਾ ਹੈ ਤਾਂ ਉਸਨੂੰ ਪੜ੍ਹਨ ਦੀ ਇੱਛਾ ਵੀ ਜਾਗਦੀ ਹੈ ਅਤੇ ਬਾਰੀਕੀ ਨਾਲ ਜਾਨਣ ਦੀ ਵੀ। ਅਜਿਹਾ ਹੋਣ ਨਾਲ ਹੀ ਉੱਚੀਆਂ ਹਸਤੀਆਂ ਵਲੋਂ ਨੀਵਾਣਾਂ ਵੱਲ ਰੁੜਨ ਤੋਂ ਬਚਿਆ ਜਾ ਸਕਦਾ ਅਤੇ ਜ਼ਿੰਦਗੀ ਦੇ ਰਾਹਾਂ ਉੱਤੇ ਤੁਰਨ ਦਾ ਉੱਚ ਸਲੀਕਾ ਵੀ ਸਿੱਖਿਆ ਜਾ ਸਕਦਾ ਹੈ ਅਤੇ ਅੱਗੇ ਵਧਣ ਦਾ ਵੀ।

ਇਤਿਹਾਸ ਭਰਿਆ ਪਿਆ ਹੈ ਜਿਸ ਵਿਚ ਉਚੇਰੇ ਅਹੁਦਿਆਂ 'ਤੇ ਬੈਠਣ ਵਾਲਿਆਂ ਦੇ ਹੁਕਮਾਂ ਨਾਲ ਮਨੁੱਖਤਾ 'ਤੇ ਕਿੰਨੇ ਜ਼ੁਲਮ ਹੋਏ ਅਤੇ ਕਿੰਨੀ ਹਾਨੀ ਹੋਈ। ਵੱਡੇ ਅਹੁਦੇ ਵਾਲੇ ਛੋਟੇ ਕੰਮ ਕਰਨ ਤਾਂ ਕਿਸੇ ਤਰ੍ਹਾਂ ਵੀ ਹਜ਼ਮ ਨਹੀਂ ਹੁੰਦੇ। ਕੋਈ ਕੇਵਲ ਆਪਣਾ ਧਰਮ ਚਲਾਉਣ ਅਤੇ ਵਧਾਉਣ ਲਈ ਦੂਜਿਆਂ ਦੇ ਧਰਮ ਸਥਾਨ ਢਾਵ੍ਹੇ ਜਾਂ ਕੋਈ ਜਬਰੀ ਧਰਮ ਬਦਲੇ ਤਾਂ ਇਸ ਨੂੰ ਕੋਈ ਵੀ ਨਿਰਪੱਖ ਅੱਖ ਦੇਖ ਨਹੀਂ ਸਕਦੀ ਅਤੇ ਸੰਤੁਲਤ ਮਨ ਸਹਿ ਨਹੀਂ ਸਕਦਾ। ਦੂਰ ਨਾ ਵੀ ਜਾਈਏ ਤਾਂ ਔਰੰਗਜ਼ੇਬ ਦੇ ਜ਼ੁਲਮਾਂ ਦੀ ਕਹਾਣੀ ਹੀ ਬਹੁਤ ਦੁਖਦਾਈ ਹੈ ਅਤੇ ਘੱਟ ਅੰਗਰੇਜ਼ਾ ਦੀ ਵੀ ਨਹੀਂ।

ਦੇਸ਼ਾਂ 'ਚੋਂ ਤਾਕਤਵਰ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉੱਚ ਅਹੁਦੇ 'ਤੇ ਪਹੁੰਚ ਕੇ ਵੀ ਉਹ ਜ਼ਾਬਤਾ ਨਹੀਂ ਅਪਣਾਇਆ ਜਿਹੜਾ ਉਸ ਲਈ ਲੋੜੀਂਦਾ ਵੀ ਹੈ ਅਤੇ ਲਾਜ਼ਮੀ ਵੀ। ਉਸ ਦੇ ਬੋਲੇ ਹਰ ਸ਼ਬਦ ਨੂੰ ਲੈ ਕੇ ਦੁਨੀਆਂ ਨੋਟਿਸ ਲੈਂਦੀ ਹੈ ਕਿ ਉਹ ਮਨ ਦੀ ਕਿਸ ਨੁੱਕਰ 'ਚੋਂ ਬੋਲ ਕੇ ਕੀ ਅਤੇ ਕਿਉਂ ਕਹਿ ਰਿਹਾ। ਪਿਛਲੇ ਦਿਨੀਂ ਉਸ ਨੇ ਅਜਿਹਾ ਬਿਆਨ ਦਾਗ ਦਿੱਤਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸ ਨੂੰ ਇਹ ਕਹਿ ਦਿੱਤਾ ਕਿ ਕਸ਼ਮੀਰ ਮਸਲੇ ਬਾਰੇ ਵਿਚੋਲਗੀ ਕਰੇ। ਇਹ ਪਤਾ ਨਹੀਂ ਕਿ ਉਸਨੂੰ ਇਹ ਕਹਿਣ ਦੀ ਲੋੜ ਕਿਉਂ ਪੈ ਗਈ, ਪਰ ਛੇਤੀ ਹੀ ਭਾਰਤ ਨੇ ਇਸ ਬਿਆਨ ਨੂੰ ਝੁਠਲਾ ਦਿੱਤਾ। ਹੋ ਗਈ ਨਾ ਉੱਚੇ ਅਹੁਦੇ ਦੀ ਕਿਰਕਿਰੀ।

ਭਾਰਤ ਦੇ ਹਾਕਮ ਤੇ ਨੇਤਾ ਵੀ ਕਈ ਵਾਰ ਏਨਾ ਗਲਤ ਬੋਲਦੇ ਹਨ ਕਿ ਉਨ੍ਹਾਂ ਦੀ ਕਹੀ ਗੱਲ ਮੰਨੀ ਹੀ ਨਹੀਂ ਜਾ ਸਕਦੀ। ਕੋਈ ਤਾਂ ਸੈਕੜੇ ਸਾਲਾਂ ਦੇ ਫਰਕ ਨਾਲ ਇਸ ਧਰਤੀ 'ਤੇ ਵਿਚਰੇ ਮਹਾਂਪੁਰਸ਼ਾਂ ਦੀ ਮੁਲਾਕਾਤ ਕਰਵਾਉਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਕਰਦਾ ਜਿਸ ਨੂੰ ਤੱਥ ਤੇ ਸਬੂਤ ਪ੍ਰਵਾਨ ਕਰਨ ਵਾਸਤੇ ਤਿਆਰ ਨਹੀਂ। ਅਜਿਹੀ ਮੁਲਾਕਾਤ ਇਤਿਹਾਸ ਬਾਰੇ ਇਤਿਹਾਸਕ ਗਲਤੀ ਹੈ ਜਿਹੜੀ ਕਿਸੇ ਤਰ੍ਹਾਂ ਵੀ ਮੁਆਫ ਨਹੀਂ ਕੀਤੀ ਜਾ ਸਕਦੀ। ਇਤਿਹਾਸ ਤਾਂ ਇਤਿਹਾਸ ਹੈ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ। ਇਤਿਹਾਸ ਦਾ ਅੰਤ ਕਹਿਣ ਵਾਲੇ ਦਾ ਅੰਤ ਤਾਂ ਹੋਣਾ ਹੀ ਹੋਣਾ ਹੈ ਪਰ ਇਤਿਹਾਸ ਦਾ ਅੰਤ ਨਹੀਂ ਹੋ ਸਕਦਾ।

ਦੁਨੀਆਂ ਦੇ ਵੱਡੇ ਲੋਕਤੰਤਰ ਭਾਰਤ ਵਿਚ ਲੋਕਾਂ ਵਲੋਂ ਚੁਣੇ ਜਾਂਦੇ ਪ੍ਰਤੀਨਿਧ ਕਈ ਵਾਰ ਉਹ ਸਦਾਚਾਰ ਨਹੀਂ ਮੰਨਦੇ ਜਿਹੜਾ ਦੇਸ਼ ਦਾ ਇਤਿਹਾਸ ਵੀ ਅਤੇ ਅਮੀਰ ਸਰਮਾਇਆ ਵੀ। ਜਿਹੜੀ ਸਿਆਸੀ ਪਾਰਟੀ ਦੇ ਵਿਰੋਧ ਵਿਚ ਲੜ ਕੇ ਚੋਣਾਂ ਜਿੱਤੇ ਹੁੰਦੇ ਹਨ ਮੌਕਾ ਦੇਖ ਕੇ ਉਸੇ ਹੀ ਵਿਰੋਧੀ ਪਾਰਟੀ ਵਿਚ ਸ਼ਾਮਲ ਹੋ ਜਾਂਦੇ ਹਨ ਜੋ ਕਿ ਹਲਕੇ ਦੇ ਲੋਕਾਂ ਨਾਲ ਬੇਈਮਾਨੀ ਵਰਗਾ ਧਰੋਹ ਹੁੰਦਾ ਹੈ ਅਤੇ ਉੱਚੇ ਸਦਾਚਾਰ ਨਾਲ ਵੀ ਖਿਲਵਾੜ ਕੀਤਾ ਜਾਂਦਾ ਹੈ। ਇਹੋ ਜਹੇ ਗੈਰ-ਸਦਾਚਾਰੀਆਂ ਨੂੰ ਜਿਤਾਉਣ ਤੋਂ ਬਾਅਦ ਲੋਕ ਨਕਾਰਾ ਹੋ ਜਾਂਦੇ ਹਨ ਕਿਉਂਕਿ ਅਜਿਹੇ ਦਲਬਦਲੂਆਂ ਨੂੰ ਵਾਪਸ ਬੁਲਾਉਣ ਦਾ ਉਨ੍ਹਾਂ ਕੋਲ ਅਧਿਕਾਰ ਹੀ ਨਹੀਂ ਹੁੰਦਾ। ਸਦਾਚਾਰ ਨੂੰ ਵੀ ਪਈ ਵੱਡੀ ਮਾਰ ਦਾ ਵੀ ਕੋਈ ਕੁੱਝ ਨਹੀਂ ਕਰ ਸਕਦਾ। ਇਸ ਬਾਰੇ ਜਾਗਦੇ ਸਿਰਾਂ ਨੂੰ ਗੰਭੀਰਤਾ ਨਾਲ ਸੋਚਣ ਦੀ ਬੇਹੱਦ ਜਰੂਰਤ ਹੈ ਅਤੇ ਕੁੱਝ ਕਰਨ ਦੀ ਵੀ।

ਦੇਸ਼ ਦੇ ਕਾਨੂੰਨ ਘਾੜਿਆਂ ਨੂੰ ਦਲਬਦਲੂਆਂ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਜੋ ਸਦਾਚਾਰਕ ਕਦਰਾਂ-ਕੀਮਤਾਂ ਨੂੰ ਹਾਨੀ ਪਹੁੰਚਾ ਰਹੀ ਇਸ ਕਿਰਿਆ ਨੂੰ ਰੋਕਿਆ ਜਾ ਸਕੇ। ਜਨਤਾਂ ਵੀ ਜਾਗੇ ਅਤੇ ਦਲਬਦਲੂਆਂ ਨੂੰ ਅਗਲੀਆਂ ਚੋਣਾਂ ਵਿਚ ਅਜਿਹਾ ਸਬਕ ਸਿਖਾਵੇ ਕਿ ਉਸ ਦੀਆਂ ਦਸ ਪੁਸ਼ਤਾ ਵਿਚੋਂ ਕੋਈ ਚੋਣ ਨਾ ਜਿੱਤ ਸਕੇ।

ਮੰਤਰੀ ਪਦ ਦੇ ਲਾਲਚ ਲਈ ਪਾਰਟੀ ਬਦਲੇ ਜਾਂ ਫੇਰ ਪੈਸੇ ਲੈ ਕੇ ਬਦਲੇ ਅਜਿਹੇ ਨੇਤਾਵਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਕਿ ਸਭ ਨੇਤਾ ਡਰ ਕੇ ਅਜਿਹਾ ਕਰਨ ਬਾਰੇ ਸੋਚਣ ਵੀ ਨਾ। ਕਿਸੇ ਵੀ ਉੱਚੇ ਅਹੁਦੇ 'ਤੇ ਬੈਠੇ ਦੀ ਜ਼ੁੰਮੇਵਾਰੀ ਹੁੰਦੀ ਹੈ ਕਿ ਉਹ ਮਿਲੇ ਕੰਮਾਂ ਨੂੰ ਇਮਾਨਦਾਰੀ ਨਾਲ ਨਿਭਾਵੇ ਅਤੇ ਕੋਈ ਅਜਿਹਾ ਕੰਮ ਨਾ ਕਰੇ ਕਿ ਉਸ ਉੱਤੇ ਉਂਗਲਾਂ ਉੱਠਣ। ਵੱਡੇ ਅਹੁਦੇ 'ਤੇ ਬੈਠਿਆਂ ਵੱਡੀਆਂ ਗੱਲਾਂ ਕਰਨੀਆਂ ਹੀ ਸੋਭਦੀਆਂ ਹਨ ਤਾਂ ਕਿ ਅਹੁਦੇ ਦੀ ਮਾਣ-ਮਰਿਯਾਦਾ ਅਤੇ ਵਡਿਆਈ ਬਣੀ ਰਹੇ। ਅਜਿਹੇ ਅਹੁਦੇ 'ਤੇ ਬੈਠ ਕੇ ਛੋਟੀਆਂ ਗੱਲਾਂ ਕਰਨ ਨਾਲ ਅਹੁਦੇ ਦੀ ਮਾਣ-ਮਰਿਯਾਦਾ ਤਾਂ ਜਾਂਦੀ ਹੀ ਰਹਿੰਦੀ ਹੈ ਅਤੇ ਵੱਡੇ ਬੰਦੇ ਦੀ ਹਸਤੀ ਵੀ ਕਿਧਰੇ ਨਹੀਂ ਲੱਭਦੀ। ਕਲਿੰਟਨ-ਲਵਿੰਸਕੀ ਵਾਲੇ ਕਾਂਡ ਨੂੰ ਚੇਤੇ ਕਰ ਲਿਆ ਜਾਵੇ ਤਾਂ ਇਹ ਗੱਲ ਸਾਕਾਰ ਰੂਪ ਵਿਚ ਸਾਹਮਣੇ ਆ ਜਾਵੇਗੀ।

ਜਿਹੜੇ ਅਹੁਦੇ 'ਤੇ ਕੋਈ ਬੈਠਾ ਹੈ ਉਸ ਨੂੰ ਹੀ ਵੱਡਾ ਸਮਝ ਕੇ ਛੋਟੀਆਂ ਗੱਲਾਂ ਕਰਨ ਬਾਰੇ ਸੋਚਿਆ ਤੱਕ ਨਾ ਜਾਵੇ। ਅਜਿਹਾ ਹੋਣ ਨਾਲ ਕੀਤੇ ਜਾਂਦੇ ਕੰਮਾਂ ਵਿਚ ਨਿਖਾਰ ਆਵੇਗਾ ਅਤੇ ਉੱਚਾ ਸੋਚਣ ਵੱਲ ਵਧਣ ਵਿਚ ਸਹਾਇਤਾ ਮਿਲੇਗੀ। ਮੁੱਕਦੀ ਗੱਲ ਤਾਂ ਇਹੀ ਹੈ ਕਿ ਵੱਡੇ ਅਹੁਦਿਆਂ 'ਤੇ ਬੈਠੇ ਲੋਕ ਛੋਟੀਆਂ ਗੱਲਾਂ ਨਾ ਕਰਨ ਸਗੋਂ ਬਰਾਬਰ ਜਾਂ ਨਾਲ ਬੈਠਿਆਂ ਦੀਆਂ ਵੀ ਸਵੀਕਾਰ ਨਾ ਕਰਨ ਅਤੇ ਨਾ ਹੀ ਹੇਠਲਿਆਂ ਨੂੰ ਛੋਟੀਆਂ ਗੱਲਾਂ ਕਰਨ ਦੀ ਆਗਿਆ ਦੇਣ। ਚੰਗਾ ਹੋਵੇ ਜੇ ਵੱਡੇ ਅਹੁਦਿਆਂ ਵਾਲੇ ਛੋਟੀਆਂ ਗੱਲਾਂ ਤੋਂ ਗੁਰੇਜ਼ ਹੀ ਕਰਨ।

### ਜੇ ਪੰਛੀਆਂ ਦੇ ਧਰਮ ਹੁੰਦੇ

ਜੇ ਕਿਤੇ ਧਰਤੀ 'ਤੇ ਵਸਦੇ ਮਨੁੱਖਾਂ ਦੇ ਅਧਾਰ 'ਤੇ ਪੰਛੀਆਂ ਦੇ ਵੀ ਧਰਮ ਹੁੰਦੇ ਤਾਂ ਅੰਬਰ ਵੀ ਲੜਾਈ-ਝਗੜਿਆਂ ਦਾ ਮੈਦਾਨ ਬਣ ਜਾਂਦਾ। ਹਰ ਰੋਜ਼ ਕਿੰਨੇ ਪੰਛੀ ਲਹੂ ਨਾਲ ਭਿੱਜੇ ਧਰਤੀ ਉੱਤੇ ਡਿਗਦੇ ਜਿਨ੍ਹਾਂ ਨੂੰ ਕੋਈ ਵੀ ਸੰਭਾਲਣ ਵਾਲਾ ਨਾ ਹੁੰਦਾ। ਚੰਗਾ ਹੈ ਕਿ ਜਾਨਵਰਾਂ ਅਤੇ ਪੰਛੀਆਂ ਦਾ ਕੋਈ ਧਰਮ ਨਹੀਂ ਜਿਸ ਕਰਕੇ ਉਨ੍ਹਾਂ ਵਿਚਕਾਰ ਧਾਰਮਿਕ ਝਗੜੇ ਨਹੀਂ ਹੁੰਦੇ। ਜੇ ਹੋਰ ਗੱਲਾਂ ਕਰਕੇ ਹੋਣ ਵੀ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ। ਥੋੜ੍ਹੇ ਬਹੁਤੇ ਝਗੜੇ-ਝੇੜੇ ਤਾਂ ਹਰ ਕਿਸਮ ਦੇ ਜੀਵਾਂ ਵਿਚ ਹੁੰਦੇ ਹਨ ਜਿਨ੍ਹਾਂ ਨੂੰ ਰੋਕਣਾ ਆਸਾਨ ਨਹੀਂ।

ਮਨੁੱਖ ਉਨ੍ਹਾਂ ਨੂੰ ਪਿਆਰ ਕਰਨ ਲਈ ਉਨ੍ਹਾਂ ਨੂੰ ਪਿੰਜਰੇ ਵਿਚ ਬੰਦ ਕਰਦਾ ਹੈ, ਜਿਸ ਨੂੰ ਉਹ ਉੱਕਾ ਹੀ ਪਸੰਦ ਨਹੀਂ ਕਰਦੇ।

ਉਹ ਤਾਂ ਕਹਿ ਉੱਠਦੇ ਹਨ ਕਿ :

ਅਸੀਂ ਉਡਦੇ ਪਰਿੰਦੇ
ਸਾਡੀ ਗੱਲ ਨਾ ਕਰੋ
ਰੱਖੋ ਪਿੰਜਰੇ ਨੂੰ ਦੂਰ
ਸਾਡੇ ਵੱਲ ਨਾ ਕਰੋ
ਅਸੀਂ ਪੌਣਾਂ ਦੇ ਪ੍ਰਾਹੁਣੇ
ਸਾਡੀ ਮਹਿਕਾਂ ਨੂੰ ਸਲਾਮ
ਥਾਂ ਥਾਂ 'ਤੇ ਉਡਣੇ ਦਾ
ਕਿਉਂ ਧਰੋ ਇਲਜ਼ਾਮ
ਅਸੀਂ ਹਵਾ 'ਤੇ ਸਵਾਰ
ਥਲ ਥਲ ਨਾ ਕਰੋ।

ਪੰਛੀ ਚੰਗੇ ਹਨ ਜਿਹੜੇ ਆਜ਼ਾਦ ਹਨ, ਧਰਮਾਂ ਦੀਆਂ ਵਲਗਣਾਂ ਵਿਚ ਨਹੀਂ। ਜਿਹੜੇ ਉੱਡ ਉੱਡ ਕੇ ਦੇਸਾਂ ਦੀਆਂ ਸਰਹੱਦਾਂ ਤੋਂ ਪਾਰ ਵੀ ਚਲੇ ਜਾਂਦੇ ਹਨ ਅਤੇ ਕਿਸੇ ਦੀ ਪਰਵਾਹ ਵੀ ਨਹੀਂ ਕਰਦੇ। ਜਿੱਥੋਂ ਚਾਹੁੰਦੇ ਹਨ ਉਡਾਣ ਭਰਦੇ ਹਨ ਅਤੇ ਜਿੱਥੇ ਉਤਰਨ ਦੇ ਇੱਛਕ ਹੋਣ ਉੱਥੇ ਹੀ ਡੇਰੇ ਲਾ ਕੇ ਆਨੰਦ ਪ੍ਰਾਪਤ ਕਰਦੇ ਹਨ। ਦੂਰ ਦੁਰਡੇ ਤੋਂ ਪਰਤਦੇ ਸਮੇਂ ਆਪਣੇ ਬੋਟਾਂ ਲਈ ਚੋਗ ਵੀ ਲੈ ਆਉਂਦੇ। ਚੰਗਾ ਹੈ ਹਵਾ 'ਤੇ ਸਵਾਰ ਰਹਿਣ ਵਾਲੇ ਪੰਛੀਉ ਤੁਹਾਡੀ ਆਜ਼ਾਦੀ ਲਈ ਦੁਆ ਵੀ ਹੈ ਇੱਛਾ ਵੀ।

### ਲਤੀਫੇ ਦਾ ਚਿਹਰਾ-ਮੋਹਰਾ

ਪੂਜਾ-ਪਾਠ ਖਤਮ ਹੋਏ ਤਾਂ ਪੁਜਾਰੀ ਨੇ ਕਿਹਾ ਕਿ ਜਿਹੜੇ ਸਵਰਗ ਵਿਚ ਜਾਣਾ ਚਾਹੁੰਦੇ ਹਨ ਉਹ ਹੱਥ ਖੜ੍ਹੇ ਕਰੋ। ਸੱਸ, ਸਹੁਰੇ, ਜੇਠ, ਨਣਦ ਨੇ ਹੱਥ ਖੜ੍ਹੇ ਕਰ ਦਿੱਤੇ, ਤਾਂ ਦਫਤਰ ਗਏ ਪਤੀ ਦੀ ਪਤਨੀ ਨੂੰ ਪੁਜਾਰੀ ਨੇ ਪੁੱਛਿਆ ਕਿ "ਤੂੰ ਸਵਰਗ ਨਹੀਂ ਜਾਣਾ ਚਾਹੁੰਦੀ?"

ਤਾਂ ਉਸ ਦਾ ਉੱਤਰ ਸੀ , "ਜਦ ਸੱਸ, ਸਹੁਰੇ, ਜੇਠ ਤੇ ਨਣਦ ਨੇ ਸਵਰਗ ਚਲੇ ਜਾਣਾ ਹੈ ਤਾਂ ਮੇਰੇ ਵਾਸਤੇ ਤਾਂ ਆਪਣੇ ਆਪ ਏਥੇ ਹੀ ਸਵਰਗ ਬਣ ਜਾਣਾ ਹੈ"।

# ਸ਼ਬਦ ਵਿਚਾਰ

ਨਾਜਰ ਸਿੰਘ
011-91-16126-32136



Grammar ਅਨੁਸਾਰ ਸ਼ਬਦ ਦੀ ਬਣਤਰ ਕਿਵੇ ਹੁੰਦੀ ਹੈ? ਅਤੇ ਉਸ ਦਾ ਮਨੋਰਥ ਕੀ ਹੈ? ਸ਼ਬਦ ਨੂੰ ਮੋਟੇ ਤੌਰ ਤੇ ਦੋ ਹਿੱਸਿਆਂ ਵਿੱਤ ਵੰਡਿਆਂ ਜਾ ਸਕਦਾ ਹੈ। ਇੱਕ ਧੁਨੀਆਤਮਕ ਅਤੇ ਦੂਜਾ ਵਰਣਾਤਮਕ ਆਦਿ। ਧੁਨੀ ਵਾਲੇ ਸ਼ਬਦ ਸਾਜ ਵਜਾ ਕੇ ਪ੍ਰਗਟ ਕੀਤੇ ਜਾ ਸਕਦੇ ਹਨ ਅਤੇ ਵਰਣਾਤਮਕ ਮੂੰਹ ਨਾਲ ਬੋਲ ਕੇ ਪ੍ਰਗਟ ਕੀਤੇ ਜਾ ਹਨ। ਸੰਗੀਤ ਦੇ ਭਾਰਤੀ ਮਾਹਿਰਾ ਨੇ ਸੰਗੀਤ ਦੀਆਂ ਸੱਤ ਧੁਨਾਂ ਮੰਨੀਆਂ ਹਨ। ਯੂਰਪੀ ਸੰਗੀਤ ਮਾਹਿਰਾਂ ਨੇ ਸੰਗੀਤ ਦੀਆਂ ਬਾਰਾਂ ਧੁਨਾ ਮੰਨੀਆਂ ਹਨ। ਸ਼ਬਦ ਅਨਿਤ ਹੈ ਜਾਂ ਨਿੱਤ?- ਭਾਰਤ ਦੀ ਪੁਰਾਣੀ ਫਿਲਾਸਫੀ ਨੂੰ ਛੇ ਦਰਸ਼ਨ ਕਹਿੰਦੇ ਹਨ। ਉਨ੍ਹਾਂ ਵਿੱਚੋਂ ਇੱਕ ਦਰਸ਼ਨ ਨਿਆਂ ਦਰਸ਼ਨ ਹੈ, ਜੋ ਸ਼ਬਦ ਨੂੰ ਅਨਿਤ ਮੰਨਦਾ ਹੈ- ਅਨਿਤ ਸ਼ਬਦ ਉਹ ਸ਼ਬਦ ਹੈ, ਜਿਹੜਾ ਪੈਦਾ ਹੁੰਦਾ ਹੈ ਅਤੇ ਮੁੱਕ ਜਾਂਦਾ ਹੈ। ਨਿੱਤ ਸ਼ਬਦ ਉਹ ਸ਼ਬਦ ਹੈ ਜਿਹੜਾ ਸਦਾ ਮੌਜੂਦ ਰਹਿੰਦਾ ਹੈ। ਪਾਨਿਨੀ ਜੋ ਕਿ ਸੰਸਕ੍ਰਿਤ Grammarian ਹੈ, ਨੇ ਆਪਣੀ ਪੁਸਤਕ ਅਸਟ ਅਧਿਆਇ ਵਿੱਚ ਸ਼ਬਦ ਨੂੰ ਨਿੱਤ ਮੰਨਿਆਂ ਹੈ। ਗੁਰਬਾਣੀ ਵਿੱਚ "ਸ਼ਬਦ" ਨੂੰ ਪੰਜ ਪ੍ਰਕਾਰ ਦਾ ਮੰਨਿਆਂ ਗਿਆ ਹੈ। ਇਹ ਪੰਜ ਪ੍ਰਕਾਰ ਇਸ ਤਰਾਂ ਹਨ-ਤਤੁ, ਵਿੱਤ, ਅਰ, ਚਰਮੁੱਖਾ, ਘਣੁ ਕਾਸਿ ਕੋ ਜਾਨਿ।ਤਤੁ ਤੰਤੀ ਸਾਜਾਂ ਨੂੰ ਕਿਹਾ ਜਾਂਦਾ ਹੈ। ਵਿਤੁ ਫੂਕ ਨਾਲ ਵੱਜਣ ਵਾਲੇ ਸਾਜਾ ਨੂੰ ਕਿਹਾ ਜਾਂਦਾ ਹੈ। ਚਰਮੁਖਾ ਚਮੜੇ ਨਾਲ ਮੜੇ ਸਾਜਾਂ ਨੂੰ ਕਿਹਾ ਜਾਂਦਾ ਹੈ। ਘਣੁ ਬੱਦਲ ਗੱਜਣ ਦੀ ਆਵਾਜ ਨੂੰ ਕਿਹਾ ਜਾਂਦਾ ਹੈ। ਪੰਜਵਾਂ ਜਲ ਤਰੰਗ ਸਾਜ ਦੀ ਧੁਨੀ ਨੂੰ ਮੰਨਿਆਂ ਗਿਆ ਹੈ। ਗੁਰਬਾਣੀ ਵਿੱਚ ਅੱਖਰ ਅਤੇ ਸ਼ਬਦ ਦੇ ਹਵਾਲੇ ਨਾਲ ਵਰਣਨ ਕੀਤਾ ਹੈ-

ਇਹ ਅਖਰ ਖੁਰ ਜਾਇਗੇ ਉਹ ਅਖਰ ਉਨ ਮੇਂ ਨਾਹਿ। ਜਿਸ ਦਾ ਭਾਵ ਇਹ ਹੈ ਕਿ ਸੰਸਕ੍ਰਿਤ ਅੱਖਰ ਖੁਰ ਜਾਣਗੇ ਭਾਵ ਨਸ਼ਟ ਹੋ ਜਾਣਗੇ। ਜਿਸ ਅੱਖਰ ਦੀ ਅਸੀ ਗੱਲ ਕਰਦੇ ਹਾਂ ਉਹ ਅੱਖਰ ਹੈ ਭਾਵ ਨਾ ਨਸ਼ਟ ਹੋਣ ਵਾਲਾ। ਨਿਰਗੁਣਵਾਦ ਅਨੁਸਾਰ ਇਹ ਅੱਖਰ ਈਸ਼ਵਰ ਤੇ ਢੁਕਾਇਆ ਗਿਆ ਹੈ। ਜਿਹੜਾ ਵੱਧ-ਘੱਟ ਨਹੀ ਹੁੰਦਾ ਭਾਵ ਖੁਰਦਾ ਨਹੀ ਹੈ।ਭਾਵ ਕਿ ਅੱਖਰ ਦਾ ਮਤਲਵ ਅਣ- ਖੁਰ ਹੈ। ਪਰ ਸੰਸਕ੍ਰਿਤ ਅੱਖਰ ਖੁਰਦਾ ਹੈ ਭਾਵ ਨਸ਼ਟ ਹੁੰਦਾ ਹੈ। ਨਿਰਗੁਣਵਾਦੀ ਸੰਤਾਂ ਨੇ Grammarians ਦੀ ਸ਼ਬਦਾਵਲੀ ਦੇ ਸੇਮਬੋਲ ਲੈ ਕੇ ਆਪਣੇ ਸਿਧਾਂਤ ਨੂੰ ਬਿਆਨ ਕੀਤਾ ਹੈ ਜਿਵੇ:- ਸਬਦੇ ਧਰਤਿ ਸਬਦ ਅਗਾਸ ਸਬਦੈ ਸਬਦੁ ਭਇਆ ਪਰਗਾਸ। ਭਾਵ ਸਾਡਾ ਸਬਦ (ਭਾਵ ਵਾਹਿਗੁਰੂ) ਧਰਤੀ ਅਤੇ ਅਤੇ ਅਕਾਸ਼ ਵਿੱਚ ਮੌਜੂਦ ਹੈ। ਇਸੇ ਸਬਦ ਨਾਲ ਹੀ ਸੌਰਮੰਡਲ ਪ੍ਰਕਾਸ਼ ਹੋਇਆ ਹੈ ਅਤੇ ਉਹ ਘਟ-ਘਟ (species) ਵਿੱਚ ਛਾਇਆ ਹੋਇਆ ਹੈ।

ਉਪਰੋਕਤ ਤੋਂ ਭਾਵ ਇਹ ਹੈ ਕਿ ਉਹਨਾਂ ਨੇ ਗੁਰਬਾਣੀ ਵਿੱਚ ਸ਼ਬਦਵਾਦੀਆਂ (Grammarian) ਦਾ ਖੰਡਨ ਕੀਤਾ ਹੈ। ਕਿਉਂਕਿ ਸੰਸਕ੍ਰਿਤ ਅੱਖਰਾਂ ਅਤੇ ਸ਼ਬਦਾਂ ਵਿੱਚ ਇੰਨੀ ਸਮਰੱਥਾ ਨਹੀ ਹੈ ਕਿ ਉਹ ਆਪਣੇ ਆਪ ਨੂੰ ਬਚਾ ਸਕਣ (ਭਾਵ ਸਥਿਰ ਰੱਖ ਸਕਣ) ਅਤੇ ਧਰਤੀ ਅਤੇ ਅਕਾਸ਼ ਵਿੱਚ ਮੌਜੂਦ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀ ਹੁੰਦਾ।

ਸੰਸਾਰਿਕ ਗ੍ਰੰਥ, ਸ਼ਾਸ਼ਤਰ ਅਤੇ ਪੋਥੀਆਂ ਪੁਰਾਣੀਆਂ ਹੋ ਕੇ ਜ਼ਰਜਰੀਆਂ ਹੋ ਜਾਂਦੀਆਂ ਹਨ ਅਤੇ ਕਾਲੰਤਰ ਵਿੱਚ ਵਿਨਾਸ਼ ਹੋ ਜਾਂਦੀਆਂ ਹਨ। ਸੰਸਕ੍ਰਿਤ ਵਿੱਚ ਅਹਤ ਅਤੇ ਅਣ-ਅਹਤ ਦੇ ਹਵਾਲੇ ਨਾਲ ਸ਼ਬਦ ਮਿਲਦੇ ਹਨ। ਅਹਤ ਦਾ ਭਾਵ ਸੱਟ ਮਾਰਨੀ ਅਤੇ ਅਣ-ਅਹਤ ਦਾ ਮਤਲਬ ਨਾ-ਸੱਟ ਮਾਰਨੀ। ਸੰਸਕ੍ਰਿਤ ਦੇ ਅਣ-ਅਹਤ ਸ਼ਬਦ ਦਾ ਤਦਭਵ ਰੂਪ ਗੁਰਬਾਣੀ ਵਿੱਚ ਅਨਹਦ ਦੇ ਰੂਪ ਵਿੱਚ ਮਿਲਦਾ ਹੈ। ਸੰਸਾਰ ਵਿੱਚ ਜਿੰਨੇ ਵੀ ਸਾਜ ਹਨ ਉਹ ਆਹਤ ਮੰਨੇ ਜਾਂਦੇ ਹਨ। ਕਿਉਕਿ ਉਹਨਾਂ ਨੂੰ ਵਜਾਉਣ ਲਈ ਅਹਤ ਕੀਤਾ ਜਾਂਦਾ ਹੈ ਭਾਵ ਕਿ ਸੱਟ ਮਾਰੀ ਜਾਂਦੀ ਹੈ। ਅਣਅਹਤ (ਅਨਹਦ) ਉਹ ਸ਼ਬਦ ਹੈ ਜਿਹੜਾ ਕਿਸੇ ਆਹਤ ਅਧੀਨ ਨਹੀ ਹੈ।ਇਹ ਸ਼ਬਦ ਸਿਰਫ ਵਾਹਿਗੁਰੂ ਤੇ ਹੀ ਢੁੱਕਦਾ ਹੈ। ਸ਼ਬਦ ਦੇ ਪੈਦਾ ਹੋਣ ਦੇ ਕੁੱਛ ਕਾਰਣ ਹਨ ਜਿਹਨਾਂ ਨੂੰ ਇਸ ਪ੍ਰਕਾਰ ਵੰਡਿਆਂ ਜਾ ਸਕਦਾ ਹੈ:-

1. ਦੋ ਵਸਤੂਆਂ ਦੇ ਟਕਰਾਅ ਨਾਲ ਪੈਦਾ ਹੋਣ ਵਾਲਾ ਸ਼ਬਦ।
2. ਦੋ ਵਸਤੂਆਂ ਦੇ ਪਾਟਣ ਤੋਂ ਪੈਦਾ ਹੋਣ ਵਾਲਾ ਸ਼ਬਦ।
3. ਪ੍ਰਤੀ ਧੁਨੀ (ਮੋੜਵੀਂ ਆਵਾਜ਼) ਜਿਵੇਂ ਖੂਹ ਵਿੱਚ ਇੱਟ ਸੁੱਟਣ ਤੋਂ ਪੈਦਾ ਹੋਈ ਆਵਾਜ਼।
4. ਸਮੁੰਦਰ ਕੰਢੇ ਇੱਕ ਥਾਂ ਤੋਂ ਪੈਦਾ ਹੋ ਕੇ ਦੂਰ ਕੰਢੇ ਵੱਜਦੀਆਂ ਛੱਲਾਂ ਤੋਂ ਪੈਦਾ ਹੋਈ ਆਵਾਜ਼।

ਮੂੰਹ ਥ੍ਰੀਂ ਬੋਲੀ ਜਾਣ ਵਾਲੀ ਬੋਲੀ ਦੇ ਅੱਖਰ ਵੱਧ ਘੱਟ ਹੁੰਦੇ ਹਨ। ਅਰਥਾਤ ਵੱਖੋ-ਵੱਖ ਬੋਲੀਆਂ ਵਿੱਚ ਵੱਧ-ਘੱਟ ਅੱਖਰ ਹੁੰਦੇ ਹਨ। ਕਿਸੇ ਵਿੱਚ ਕੋਈ ਧੁਨੀ ਦੀ ਘਾਟ ਹੁੰਦੀ ਹੈ ਅਤੇ ਕਿਸੇ ਵਿੱਚ ਕੁੱਝ ਹੋਰ ਘਾਟ ਹੁੰਦੀ ਹੈ। ਸੰਸਾਰ ਵਿੱਚ ਹਜ਼ਾਰਾਂ ਬੋਲੀਆਂ ਬੋਲੀਆ ਜਾਂਦੀਆਂ ਹਨ। ਜਿਨ੍ਹਾਂ ਵਿੱਚੋਂ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਹੁੰਦੀ ਹੈ। ਉਹਨਾਂ ਬੋਲੀਆਂ ਦੇ ਗਰੈਮਰ ਵੀ ਵੱਖੋ ਵੱਖਰੇ ਹੁੰਦੇ ਹਨ।ਹਰ ਇੱਕ ਬੋਲੀ ਬੋਲਣ ਵਾਲੇ ਆਪਣੀ ਨਵੀਂ ਪੀੜੀ ਨੂੰ ਬੋਲੀ ਸਿਖਾਉਣ ਲਈ ਉਪਰਾਲਾ ਕਰਦੇ ਰਹਿੰਦੇ ਹਨ। ਬੋਲੀ ਵਿੱਚ ਮਿਲਾਵਟ:-ਜਦੋਂ ਇਕ ਬੋਲੀ ਬੋਲਣ ਵਾਲੇ ਦੂਜੀ ਬੋਲੀ ਬੋਲਣ ਵਾਲਿਆਂ ਦੇ ਸੰਪਰਕ ਵਿੱਚ ਆਉਦੇਂ ਹਨ ਤਾ ਇਕ ਦੂਜੇ ਦੇ ਸ਼ਬਦਾ ਨੂੰ ਗ੍ਰਹਿਣ ਕਰ ਲੈਂਦੇ ਹਨ ਅਤੇ ਬਾਕੀਆਂ ਨੂੰ ਛੱਡ ਦਿੰਦੇ ਹਨ। ਕਦੇ-ਕਦੇ ਉਹ ਤਤਸਮ ਸ਼ਬਦਾਂ ਨੂੰ ਗ੍ਰਹਿਣ ਕਰ ਲੈਂਦੇ ਅਤੇ ਕਦੇ- ਕਦ ਤਦਭਵ ਸ਼ਬਦਾਂ ਨੂੰ ਵੀ ਗ੍ਰਹਿਣ ਕਰ ਲੈਦੇ ਹਨ। ਕਈ ਵਾਰ ਦੋਹਾਂ ਬੋਲੀਆਂ ਦੇ ਸੁਮੇਲ ਤੋ ਨਵੇਂ ਸ਼ਬਦ ਘੜ ਲੈਂਦੇ ਹਨ।

ਗੁਰਬਾਣੀ ਵਿੱਚ ਨਾਮੁ- ਸੰਸਕ੍ਰਿਤ ਗਰੈਮਰ ਵਿੱਚ ਨਾਮੁ ਸ਼ਬਦ ਦਾ ਸੰਕੇਤ ਮਿਲਦਾ ਹੈ। ਇਹ ਨਾਮ ਕਈ ਪ੍ਰਕਾਰ ਦੇ ਹੁੰਦੇ ਹਨ। ਜਿਵੇਂ ਜਾਤੀਵਾਦੀ, ਵਿਆਕਤੀਵਾਦੀ, ਅਤੇ ਵਸਤੂਵਾਦੀ ਆਦਿ। ਸ਼ਬਦ ਦੇ ਸੰਕੇਤ ਨੂੰ ਨਾਮੁ ਕਹਿੰਦੇ ਹਨ। ਇਹ ਸ਼ਬਦ ਗਰੈਮਰ ਅਨੁਸਾਰ ਚਾਰ ਪ੍ਰਕਾਰ ਦੇ ਹੁੰਦੇ ਹਨ। ਹੇਠ ਲਿਖੇ ਇਸ ਪ੍ਰਕਾਰ ਹਨ:-

1. ਕਿਰਦੰਤ- ਜਿਹੜੇ ਧਾਤੂ ਤੋਂ ਬਣੇ ਹੁੰਦੇ ਹਨ।
2. ਤਧਿੱਤ- ਜਿਹੜੇ ਧਾਤੂ ਤੋਂ ਨਹੀ ਬਣੇ ਹੁੰਦੇ ਹਨ।
3. ਸਮਾਸੀ- ਉਹ ਸ਼ਬਦ ਜਿਹੜੇ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਨੇੜ ਤੋਂ ਬਣਦੇ ਹਨ, ਸਮਾਸੀ ਕਿਹਾ ਜਾਂਦਾ ਹੈ।
4. ਜਿਹੜੇ ਸ਼ਬਦ ਪਿਛੇਤਰ (Suffix) ਲਾ ਕੇ ਬਣਦੇ ਹਨ।

ਗੁਰਬਾਣੀ ਵਿੱਚ ਨਾਮੁ ਸ਼ਬਦ ਆਇਆ ਹੈ ਉਹ ਵੀ ਸੰਸਕ੍ਰਿਤ ਗਰੈਮਰ ਵਿੱਚੋਂ ਲਿਆਂ ਗਿਆਂ ਹੈ। ਗੁਰਬਾਣੀ ਵਿੱਚ ਨਾਮੁ ਨੂੰ ਸ਼ੇਮਬੋਲ ਦੇ ਤੌਰ ਤੇ ਵਾਹਿਗੁਰੂ ਦੀ ਥਾਂ ਤੇ ਵਰਤਿਆ ਗਿਆ।

ਗੁਰਬਾਣੀ ਵਿੱਚ ਆਇਆ ਹੈ "ਨਾਮੁ ਦੇ ਧਾਰੇ ਖੰਡ ਬ੍ਰਮੰਡ" ਪਰ ਗਰੈਮੇਰੀਅਨਾਂ ਦੇ ਨਾਮ ਦੀ ਸਥਿਤੀ ਅਤੇ ਸ਼ਕਤੀ ਇੰਨੀ ਨਹੀ ਹੈ ਕਿ ਉਹ ਖੰਡ ਬ੍ਰਮੰਡ ਦੀ ਰਚਨਾਂ ਕਰ ਸਕੇ। ਜਿਵੇਂ ਨਿਰਗੁਣੀਵਾਦੀ ਸੰਤਾਂ ਨੇ ਨਾਮੁ ਦੀ ਮਹਿਮਾਂ ਗਾਈ ਹੈ ਉਹ ਕੇਵਲ ਵਾਹਿਗੁਰੂ ਤੇ ਹੀ ਘਟਾਈ ਜਾ ਸਕਦੀ ਹੈ।

# ਸਤਨਾਮ ਸਿੰਘ ਮੱਟੂ ਅਤੇ ਬੂਟਾ ਗੁਲਾਮੀ ਵਾਲਾ ਦਾ ਸਾਂਝਾ ਸੰਪਾਦਿਤ 'ਕਲਮਾਂ ਬੋਲਦੀਆਂ' ਕਾਵਿ ਸੰਗ੍ਰਹਿ ਲੋਕ ਅਰਪਣ

**ਪਟਿਆਲਾ-** ਪੰਜਾਬੀ ਸਾਹਿਤਕ ਖੇਤਰ ਚ ਬਹੁਤ ਸਾਰੀਆਂ ਕਲਮਾਂ ਸਿਰਤੋੜ ਯਤਨਸ਼ੀਲ ਹਨ,ਪਰ ਆਰਥਿਕ ਕਮਜੋਰੀ ਅਤੇ ਯੋਗ ਸਾਧਨਾਂ ਦੀ ਘਾਟ ਕਾਰਨ ਕਿਤਾਬੀ ਰੂਪ ਆਪਣੀਆਂ ਰਚਨਾਵਾਂ ਨੂੰ ਸਾਂਭਣ ਚ ਵਿਰਵਾ ਰਹਿ ਜਾਂਦੇ ਹਨ। ਕਲਮਾਂ ਬੋਲਦੀਆਂ ਕਾਵਿ ਸੰਗ੍ਰਹਿ ਦੇ ਜਰੀਏ ਉਹਨਾਂ ਲੇਖਕਾਂ ਨੂੰ ਆ-ਪਣੀਆਂ ਭਾਵਨਾਵਾਂ ਸਦੀਵੀ ਸਾਂਭਣ ਦਾ ਮੌਕਾ ਮਿਲਿਆ ਹੈ।ਇੰਜੀ.ਸਤਨਾਮ ਸਿੰਘ ਮੱਟੂ ਅਤੇ ਬੂਟਾ ਗੁਲਾਮੀ ਵਾਲਾ ਨੇ ਇਹ ਸਾਂਝਾ ਕਾਵਿ ਸੰਗ੍ਰਹਿ ਸੰਪਾਦਿਤ ਕਰਕੇ ਇੱਕ ਔਕੜਾਂ ਭਰੇ ਕੰਮ ਪੂਰਾ ਕਰਕੇ ਇੱਕ ਸਲਾਘਾਯੋਗ ਉੱਦਮ ਕੀਤਾ ਹੈ।ਇਹ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਸਭਾ ਪਟਿਆਲਾ(ਰਜਿ:) ਦੇ ਸਹਿਯੋਗ ਨਾਲ 'ਕਲਮਾਂ ਬੋਲਦੀਆਂ ' ਕਾਵਿ ਸੰਗ੍ਰਹਿ ਦੇ ਲੋਕ ਅਰਪਣ ਸਮਾਰੋਹ ਚ ਡਾ. ਦਰਸ਼ਨ ਸਿੰਘ ਆਸ਼ਟ ਮੁੱਖ ਮਹਿਮਾਨ ਨੇ ਕੀਤਾ।ਇਸ ਪ੍ਰੋਗਰਾਮ ਚ ਪੰਜਾਬੀ ਲੋਕ ਗਾਇਕੀ ਅਤੇ ਗੀਤਕਾਰੀ ਦੇ ਥੰਮ ਹਾਕਮ ਬਖਤੜੀ ਵਾਲਾ ,ਨੌਜਵਾਨ ਗਾਇਕ ਲੱਕੀ ਦੁਰਗਾਪੁਰੀਆ (ਭਗਤ ਸਿੰਘ ਨਗਰ), ਅਜੈਬ ਸਿੰਘ ਘੁੰਡਰ ਬੀਡੀਪੀਓ, ਬੂਟਾ ਗੁਲਾਮੀ ਵਾਲਾ(ਮੋਗਾ), ਸੰਗੀਤਕਾਰ ਤੋਚੀ ਬਾਈ,ਕਹਾਣੀਕਾਰ ਦਵਿੰਦਰ ਪਟਿਆਲਵੀ, ਕੁਲਵੰਤ ਸਿੰਘ ਨਾਰੀਕੇ ਸੰਪਾਦਕ ਗੁਸਈਆ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਅਤੇ ਸਾਂਝੇ ਤੌਰ ਤੇ ਕਿਤਾਬ ਲੋਕ ਅਰਪਣ ਕੀਤੀ।




ਪ੍ਰੋਗਰਾਮ ਵਿਚ ਹਾਕਮ ਬਖਤੜੀ ਵਾਲਾ ਨੇ ਆਪਣੇ ਗੀਤਾਂ ਅਤੇ ਸ਼ੇਅਰੋ ਸ਼ਾਇਰੀ ਨਾਲ ਖੂਬ ਸਾਹਿਤਕ ਰੰਗ ਬੰਨਿਆ।ਬੂਟਾ ਗੁਲਾਮੀ ਵਾਲਾ ਨੇ ਆਪਣੀਆਂ ਸਾਹਿਤਕ ਰਚਨਾਵਾਂ ਨਾਲ ਸਾਹਿਤਕ ਰੰਗ ਬਖੇਰਿਆ।ਹੋਰਨਾਂ ਤੋਂ ਇਲਾਵਾ ਦਵਿੰਦਰ ਪਟਿਆਲਵੀ , ਜੋਗਾ ਸਿੰਘ ਧਨੌਲਾ, ਬਲਵਿੰਦਰ ਸਿੰਘ ਭੱਟੀ,ਡਾ. ਇੰਦਰਪਾਲ ਕੌਰ, ਡਾ. ਕੰਵਲਜੀਤ ਕੌਰ ਬਾਜਵਾ (ਪ੍ਰੋ.), ਬਲਵਿੰਦਰ ਕੌਰ ਥਿੰਦ, ਅਮਰਜੀਤ ਸਿੰਘ ਦੋਸ਼ੀ, ਜਸਵਿੰਦਰ ਸੰਧੂ ਕੋਟ ਈਸੇ ਖਾਂ, ਪਰਮਦੀਪ ਕੌਰ, ਵਰਿੰਦਰ ਭੰਗਾਣੀ, ਅਮਨਦੀਪ ਬਿਆਸ ਬਚਿੱਤਰ ਸਿੰਘ ਦੰਦਰਾਲਾ ਖਰੌੜ, ਗੁਰਜੀਤ ਸਿੰਘ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

**ਸਤਨਾਮ ਸਿੰਘ ਮੱਟੂ 9779708257**

## ਸ਼ਹੀਦੀ ਦਿਵਸ (31 ਜੁਲਾਈ 2018) 'ਤੇ ਵਿਸ਼ੇਸ਼

# ਕੌਮੀ ਅਣਖ ਦਾ ਸੱਤ ਸਮੁੰਦਰੋਂ ਪਾਰ ਲੋਹਾ ਮਨਵਾਉਣ ਵਾਲਾ ਸੂਰਬੀਰ ਯੋਧਾ ਸ਼ਹੀਦ ਊਧਮ ਸਿੰਘ



ਜਗਜੀਤ ਸਿੰਘ 'ਗਣੇਸ਼ਪੁਰ'
91-94655 76022

ਜਦੋਂ ਅਸੀਂ ਸਾਰੇ ਭਾਰਤ ਵਾਸੀ ਅਗਲੇ ਵਰ੍ਹੇ ਜ਼ਲਿਆਂਵਾਲੇ ਬਾਂਗ ਦੇ ਖ਼ੂਨੀ ਸਾਕੇ ਦੀ ਸ਼ਤਾਬਦੀ ਮੌਕੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰ ਰਹੇ ਹੋਵਾਂਗੇ ਤਾਂ ਉਸ ਸਮੇਂ ਸਾਡੇ ਦਿਲਾਂ ਅੰਦਰ ਜਿੱਥੇ ਉਸ ਜ਼ਾਲਮ ਅੰਗਰੇਜ਼ੀ ਹਕੂਮਤ ਪ੍ਰਤੀ ਗ਼ੁੱਸਾ,ਰੋਹ ਅਤੇ ਰੋਸ ਹੋਵੇਗਾ ਉੱਥੇ ਹੀ ਅਸੀਂ ਉਸ ਮਹਾਨ ਸੂਰਬੀਰ ਯੋਧੇ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਦੀ ਕੁਰਬਾਨੀ ਨੂੰ ਵੀ ਸਜਦਾ ਕਰਾਂਗੇ ਜਿਸ ਨੇ ਸਾਡੇ ਦੇਸ਼ ਦੀ ਅਣਖ ਗ਼ੈਰਤ ਨੂੰ ਵੰਗਾਰਨ ਵਾਲੇ ਉਸ ਹੰਕਾਰੀ ਅਫ਼ਸਰ ਨੂੰ ਸੱਤ ਸਮੁੰਦਰ ਪਾਰ ਜਾ ਕੇ ਮਾਰ ਮੁਕਾਇਆ ਸੀ।

ਸ਼ਹੀਦ ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਨੂੰ ਜ਼ਿਲ੍ਹਾ ਸੰਗਰੂਰ ਦੇ ਨਗਰ ਸੁਨਾਮ ਵਿਖੇ ਪਿਤਾ ਚੂਹੜ ਰਾਮ ਤੇ ਮਾਤਾ ਨਰਾਇਣੀ (ਅੰਮ੍ਰਿਤ ਛਕਣ ਤੋਂ ਬਾਅਦ ਇਹ ਨਾਮ ਸ. ਟਹਿਲ ਸਿੰਘ ਤੇ ਮਾਤਾ ਹਰਨਾਮ ਕੌਰ ਰੱਖ ਗਏ) ਜੀ ਦੇ ਘਰ ਕੰਬੋਜ ਪਰਿਵਾਰ ਵਿੱਚ ਹੋਇਆ।ਆਪ ਜੀ ਦੇ ਪਿਤਾ ਜੀ ਰੇਲਵੇ ਫਾਟਕ ਤੇ ਨੌਕਰੀ ਕਰਦੇ ਸਨ।ਸਰਦਾਰ ਊਧਮ ਸਿੰਘ ਜੀ ਦੇ ਬਚਪਨ ਦਾ ਨਾਮ ਸ਼ੇਰ ਸਿੰਘ ਸੀ।ਆਪ ਜੀ ਦੇ ਮਾਤਾ-ਪਿਤਾ ਆਪ ਨੂੰ ਬਚਪਨ ਵਿੱਚ ਹੀ ਸਦੀਵੀ ਵਿਛੋੜਾ ਦੇ ਗਏ।ਮਾਤਾ ਪਿਤਾ ਦੇ ਦਿਹਾਤ ਤੋਂ ਬਾਅਦ ਸ਼ੇਰ ਸਿੰਘ ਅਤੇ ਉਸਦੇ ਭਰਾ ਮੁਕਤਾ ਸਿੰਘ ਦਾ ਪਾਲਣ ਪੋਸ਼ਣ ਅੰਮ੍ਰਿਤਸਰ ਸ਼ਹਿਰ ਵਿੱਚ ਸਥਿਤ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਪੁਤਲੀਘਰ ਵਿਖੇ ਹੋਇਆ। ਇੱਥੇ ਆ ਕੇ ਸ਼ੇਰ ਸਿੰਘ ਅਤੇ ਮੁਕਤਾ ਸਿੰਘ ਦੇ ਨਵੇਂ ਨਾਮ ਊਧਮ ਸਿੰਘ ਅਤੇ ਮੁਕਤਾ ਸਿੰਘ ਰੱਖ ਦਿੱਤੇ ਗਏ। ਆਪ ਜੀ ਨੂੰ ਇਸ ਯਤੀਮਖ਼ਾਨੇ ਵਿੱਚ ਕੁਰਬਾ-ਨੀਆਂ ਭਰਿਆ ਸਿੱਖ ਇਤਿਹਾਸ ਪੜ੍ਹਨ ਦਾ ਮੌਕਾ ਮਿਲਿਆ ਜੋ ਕਿ ਅਗਾਂਹ ਜਾਂ ਕੇ ਆਪ ਜੀ ਦੇ ਜੀਵਨ ਸੰਘਰਸ਼ ਅਤੇ ਅਜ਼ਾਦੀ ਲਹਿਰ ਵਿੱਚ ਸ਼ਹਾਦਤ ਦੇਣ ਤੱਕ ਆਪ ਦੀ ਅਗਵਾਈ ਕਰਦਾ ਰਿਹਾ।

10 ਅਪ੍ਰੈਲ 1919 ਨੂੰ ਭਾਰਤ ਸੁਤੰਤਰਤਾ ਸੈਨਾਨੀ ਸਤਿਆਪਾਲ ਅਤੇ ਡਾ.ਸੈਫੂਦੀਨ ਕਿਚਲੂ ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਬਣਾਏ ਗਏ ਕਾਲੇ ਕਾਨੂੰਨ ਰੋਲਟ ਐਕਟ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ। ਜਿਸ ਦੇ ਵਿਰੋਧ ਵਿੱਚ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜਲਿਆ ਵਾਲੇ ਬਾਂਗ ਵਿਖੇ ਨਿਹੱਥੇ ਤਕਰੀਬਨ ਵੀਹ ਹਜ਼ਾਰ ਸਿੱਖ,ਹਿੰਦੂ,ਮੁਸਲਮਾਨ ਆਮ ਲੋਕ ਸ਼ਾਂਤਮਈ ਜਲਸਾ ਕਰ ਰਹੇ ਸਨ। ਸ. ਊਧਮ ਸਿੰਘ ਅਤੇ ਉਸ ਦੇ ਸਾਥੀ ਇਸ ਜਲਸੇ ਵਿੱਚ ਲੋਕਾਂ ਨੂੰ ਜਲ ਪਿਲਾਉਣ ਦੀ ਸੇਵਾ ਕਰ ਰਹੇ ਸਨ। ਸ਼ਾਮ ਦੇ 5.15 ਵਜੇ ਇਸ ਜਲਸੇ ਵਿੱਚ ਮੌਜੂਦ ਲੋਕਾਂ ਉੱਤੇ ਬਿਨਾ ਕੋਈ ਚੇਤਾਵਨੀ ਦਿੱਤੇ ਮੌਕੇ ਦੇ ਅਫ਼ਸਰ ਜਨਰਲ ਡਾਇਰ ਨੇ ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਦੇ ਨਿਰਦੇਸ਼ਾਂ ਅਨੁਸਾਰ ਆਪਣੇ 90 ਸਿਪਾਹੀਆ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਬਾਂਗ ਵਿਚ ਬਾਹਰ ਜਾਣ ਦਾ ਇੱਕੋ ਇਕ ਰਸਤਾ ਬੰਦ ਕਰ ਦਿੱਤਾ ਗਿਆ ਜਿਸ ਕਾਰਨ ਆਮ ਲੋਕ ਜਿੰਨਾ ਵਿੱਚ ਬਜ਼ੁਰਗ, ਔਰਤਾਂ ਅਤੇ ਬੱਚੇ ਵੀ ਸ਼ੁਮਾਰ ਸਨ ਨੇ ਆਪਣੀ ਜਾਨ ਬਚਾਉਣ ਲਈ ਬਾਂਗ ਦੀ ਹਦੂਦ ਅੰਦਰ ਸਥਿਤ ਖ਼ੂਹ ਵਿੱਚ ਛਾਲਾ ਮਾਰਨ ਦਿੱਤੀਆਂ। ਇਕ ਅੰਕੜੇ ਅਨੁਸਾਰ ਇੱਥੇ 10 ਮਿੰਟ ਵਿੱਚ 1650 ਗੋਲੀਆਂ ਨਿਰਦੋਸ਼ ਅਤੇ ਨਿਹੱਥੇ ਭਾਰਤੀਆ ਤੇ ਚਲਾਈਆਂ ਗਈਆਂ ਜਿਸ ਨਾਲ 1500 ਤੋਂ ਜ਼ਿਆਦਾ ਜਾਨਾਂ ਗਈਆਂ ਅਤੇ ਲਗਭਗ 1200 ਲੋਕ ਜ਼ਖ਼ਮੀ ਹੋਏ ਜਦੋਂ ਕਿ ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 381 ਹੀ ਦੱਸੀ ਗਈ ਸੀ।



ਇਸ ਖੋਫਨਾਕ ਮੰਜਰ ਨੇ ਊਧਮ ਸਿੰਘ ਦੇ ਮਨ ਤੇ ਡੂੰਘੀ ਸਟ ਮਾਰੀ । ਲੇਖਕ ਸ.ਖੁਸ਼ਵੰਤ ਸਿੰਘ ਅਨੁਸਾਰ ਊਧਮ ਸਿੰਘ ਇਸ ਕਤਲੇਆਮ ਤੋਂ ਕੁਝ ਦਿਨ ਬਾਅਦ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਅਤੇ ਉਸ ਨੇ ਅਹਿਦ ਕਰ ਲਿਆ ਕਿ ਉਹ ਇਸ ਸਾਕੇ ਦਾ ਬਦਲਾ ਇਸ ਦੇ ਜ਼ਿੰਮੇਵਾਰ ਲੋਕਾਂ ਕੋਲੋਂ ਇਕ ਦਿਨ ਜ਼ਰੂਰ ਲਵੇਗਾ।ਆਪਣੇ ਇਸ ਮਕਸਦ ਲਈ ਸ਼ਹੀਦ ਊਧਮ ਸਿੰਘ ਕਈ ਦੇਸ਼ਾਂ ਵਿੱਚ ਵੱਖ ਵੱਖ ਨਾਵਾਂ(ਸ਼ੇਰ ਸਿੰਘ,ਉਦੇ ਸਿੰਘ,ਫਰੈਂਕ ਬਰਾਜ਼ੀਲ,ਰਾਮ ਮੁਹੰਮਦ ਸਿੰਘ ਅਜ਼ਾਦ) ਨਾਲ ਭਾਰਤ ਦੀ ਅਜ਼ਾਦੀ ਲਈ ਲੜ ਰਹੀਆਂ ਜਥੇਬੰ-ਦੀਆਂ (ਗ਼ਦਰ ਪਾਰਟੀ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ) ਨਾਲ ਜੁੜਿਆ ਰਿਹਾ ਪਰ ਉਸ ਦੇ ਦਿਲ ਅੰਦਰ ਹਮੇਸ਼ਾ ਆਪਣੇ ਦੁਆਰਾ ਅੰਮ੍ਰਿਤਸਰ ਵਿਖੇ ਕੀਤਾ ਪ੍ਰਣ ਇਕ ਹੂਕ ਬਣ ਕੇ ਧੜਕਦਾ ਸੀ।ਇਸ ਸਮੇਂ ਦੌਰਾਨ ਉਸ ਦਾ ਮੇਲ ਦੇਸ਼ ਦੇ ਸਿਰਮੌਰ ਅਜ਼ਾਦੀ ਘੁਲਾਟੀਆ ਨਾਲ ਵੀ ਹੋਇਆ ਜਿਨ੍ਹਾਂ ਵਿਚ ਉਸ ਦੇ ਆਦਰਸ਼ ਸ਼ਹੀਦ ਭਗਤ ਸਿੰਘ ਵੀ ਸ਼ਾਮਿਲ ਸਨ।ਆਪਣੇ ਇਸ ਪ੍ਰਣ ਨੂੰ ਪੂਰਾ ਕਰਨ ਲਈ ਉਹ ਫ਼ਰਜ਼ੀ ਨਾਮ ਤੇ ਪਾਸਪੋਰਟ ਬਣਾ ਕੇ 1934 'ਚ ਲੰਡਨ ਪਹੁੰਚ ਗਿਆ। 1927 ਵਿੱਚ ਜਨਰਲ ਡਾਇਰ ਦੀ ਲੰਮੀ ਬਿਮਾਰੀ ਕਾਰਨ ਮੌਤ ਹੋ ਗਈ ਜਿਸ ਕਾਰਨ ਹੁਣ ਸ਼ਹੀਦ ਊਧਮ ਸਿੰਘ ਦਾ ਨਿਸ਼ਾਨਾ ਉਸ ਸਮੇਂ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਰਿਹਾ ਮਾਈਕਲ ਉਡਵਾਇਰ ਸੀ ਜੋ ਕਿ ਆਪਣੀ ਨੌਕਰੀ ਦੇ ਕਾਰਜਕਾਲ ਤੋਂ ਬਾਅਦ ਲੰਡਨ ਵਿਖੇ ਰਹਿ ਰਿਹਾ ਸੀ।

ਆਖ਼ਰ 13 ਮਾਰਚ 1940 ਨੂੰ ਲੰਡਨ ਦੇ ਕੈਕ-ਸਟਨ ਹਾਲ ਵਿੱਚ ਈਸਟ ਇੰਡੀਆ ਐਸੋਸੀਏਸ਼ਨ ਵੱਲੋਂ ਸੈਂ-ਟਰਲ ਏਸ਼ੀਅਨ ਸੁਸਾਇਟੀ ਦੇ ਸਹਿਯੋਗ ਨਾਲ ਇਕ ਮੀਟਿੰਗ ਕੀਤੀ ਜਾਣ ਦੀ ਖ਼ਬਰ, ਜਿਸ ਵਿੱਚ ਮਾਈਕਲ ਉਡਵਾਇਰ ਨੂੰ ਵਿਸ਼ੇਸ਼ ਕਰਕੇ ਬੁਲਾਇਆ ਗਿਆ ਸੀ, ਸ਼ਹੀਦ ਊਧਮ ਸਿੰਘ ਤੱਕ ਪਹੁੰਚੀ ਤਾਂ ਉਨ੍ਹਾਂ ਇਸ ਸਮਾਗਮ ਵਿੱਚ ਹੀ ਮਾਈਕਲ ਉਡਵਾਇਰ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕੀਤਾ।ਸ਼ਹੀਦ ਊਧਮ ਸਿੰਘ ਉਸ ਦਿਨ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਕੇ ਲੰਡਨ ਦੇ ਕੈਕਸਟਨ ਹਾਲ ਵੱਲ ਆਪਣੇ ਪ੍ਰਣ ਨੂੰ ਹਕੀਕਤ ਵਿੱਚ ਬਦਲਣ ਲਈ ਕਿਤਾਬ ਵਿੱਚ ਪਿਸਤੌਲ ਰੱਖ ਕੇ ਤੁਰ ਪਿਆ।ਕੈਕਸਟਨ ਹਾਲ ਵਿੱਚ ਜਦੋਂ ਮਾਈਕਲ ਉਡਵਾਇਰ ਨੂੰ ਬੋਲਣ ਦਾ ਸਮਾ ਦਿੱਤਾ ਗਿਆ ਤਾਂ ਉਸ ਨੇ ਜਲਿਆ ਵਾਲੇ ਬਾਂਗ ਦੇ ਖ਼ੂਨੀ ਸਾਕੇ ਨੂੰ ਸਹੀ ਠਹਿਰਾਇਆ ਤਦ ਹੀ ਊਧਮ ਸਿੰਘ ਨੇ ਆਪਣੇ ਅਮਰੀਕਨ ਪਿਸਤੌਲ ਦਾ ਨਿਸ਼ਾਨਾ ਉਡਵਾਇਰ ਨੂੰ ਬਣਾਇਆ ਤੇ ਤਾੜ ਤਾੜ ਕਰਦੀਆਂ ਦੋ ਗੋਲੀਆਂ ਉਸ ਦੀ ਛਾਤੀ ਵਿੱਚ ਦਾਗ਼ ਦਿੱਤੀਆਂ ਜਿਸ ਨਾਲ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ।ਇਕ ਗੋਲੀ ਲਾਰਡ ਜੈਟਲੈਂਡ ਜੋ ਕਿ ਇੰਡੀਆ ਸਟੇਟ ਦਾ ਸਕੱਤਰ ਸੀ ਅਤੇ ਇਕ ਗੋਲੀ ਸਰ ਲੂਈਸ ਡੈਨ ਨੂੰ ਲੱਗੀ ਇਹ ਦੋਵੇਂ ਜਾਣੇ ਜ਼ਖ਼ਮੀ ਹੋ ਗਏ।ਸ਼ਹੀਦ ਊਧਮ ਸਿੰਘ ਉੱਥੋਂ ਦੌੜੇ ਨਹੀਂ ਅਤੇ ਖ਼ੁਸ਼ੀ-ਖ਼ੁਸ਼ੀ ਆਪਣੀ ਗ੍ਰਿਫ਼ਤਾਰੀ ਦੇ ਦਿੱਤੀ।

ਸ਼ਹੀਦ ਊਧਮ ਸਿੰਘ ਵੱਲੋਂ ਮਾਈਕਲ ਉਡਵਾਇਰ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਇਸ ਘਟਨਾ ਨੂੰ ਦੁਨੀਆ ਦੇ ਵੱਖ ਵੱਖ ਅਖ਼ਬਾਰਾਂ ਨੇ ਪ੍ਰਕਾਸ਼ਿਤ ਕੀਤਾ।ਲੰਡਨ ਤੋਂ ਹੀ ਪ੍ਰਕ-ਾਸ਼ਿਤ ਹੁੰਦੇ ਪ੍ਰਸਿੱਧ ਅਖ਼ਬਾਰ 'ਟਾਈਮਜ਼ ਆਫ਼ ਲੰਡਨ'ਨੇ ਸ਼ਹੀਦ ਊਧਮ ਸਿੰਘ ਨੂੰ 'ਅਜ਼ਾਦੀ ਦਾ ਲੜਾਕਾ' ਅਤੇ ਉਸ ਦੇ ਇਸ ਦਲੇਰੀ ਭਰੇ ਕਾਰਨਾਮੇ ਨੂੰ ਗ਼ੁਲਾਮ ਭਾਰਤੀ ਲੋਕਾਂ ਦੇ ਗ਼ੁੱਸੇ ਦਾ ਪ੍ਰਗਟਾਵਾ ਕਿਹਾ।ਜਰਮਨ ਰੇਡੀਉ ਤੋਂ ਵਾਰ ਵਾਰ ਇਹੀ ਪ੍ਰਸ-ਾਰਿਤ ਹੁੰਦਾ ਰਿਹਾ ਕਿ "ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣ ਨੂੰ ਕਦੇ ਵੀ ਮਾਫ਼ ਨਹੀਂ ਕਰਦੇ ਭਾਵੇਂ ਉਨ੍ਹਾਂ ਨੂੰ ਬਦਲਾ ਲੈਣ ਲਈ ਵੀਹ ਸਾਲ ਤੋਂ ਵੱਧ ਸਮਾਂ ਕਿਉਂ ਨਾ ਲੱਗ ਜਾਵੇ "।ਉੱਥੇ ਹੀ ਸਾਡੇ ਆਪਣੇ ਦੇਸ਼ ਦੇ ਸਿਰਮੌਰ ਆਗੂ ਮਹਾਤਮਾ ਗਾਂਧੀ ਅਤੇ ਪੰਡਿਤ ਨਹਿਰੂ ਨੇ ਇਸ ਘਟਨਾ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਇਸ ਘਟਨਾ ਦਾ ਬੇਹੱਦ ਅਫ਼ਸੋਸ ਹੈ।ਸਿਰਫ਼ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਸ਼ਹੀਦ ਊਧਮ ਸਿੰਘ ਦੇ ਇਸ ਦਲੇਰੀ ਅਤੇ ਕੁਰਬਾਨੀ ਭਰੇ ਕਦਮ ਦੀ ਸ਼ਲਾਘਾ ਕੀਤੀ।

ਆਪ ਜੀ ਨੂੰ ਗ੍ਰਿਫ਼ਤਾਰ ਕਰਕੇ ਬ੍ਰਿਕਸਟਨ ਜੇਲ੍ਹ ਵਿੱਚ ਰੱਖਿਆ ਗਿਆ।ਆਪ ਜੀ ਨੇ ਜੇਲ੍ਹ ਵਿੱਚ ਸਜ਼ਾ ਕੱਟਦੇ ਹੋਏ ਹੱਕੀ ਮੰਗਾਂ ਦੀ ਪ੍ਰਾਪਤੀ ਲਈ 42 ਦਿਨ ਲੰਮੀ ਭੁੱਖ ਹੜਤਾਲ ਵੀ ਕੀਤੀ ਅਤੇ ਜ਼ੈਲ ਦੇ ਅੰਦਰ ਤੋਂ ਹੀ ਸ਼ਿਵ ਸਿੰਘ ਜੌਹਲ ਅਤੇ ਅਮਰੀਕਾ ਵਿੱਚ ਵੱਸਦੇ ਦੇਸ਼ ਭਗਤ ਗਦਰੀਆਂ ਨੂੰ 14 ਚਿੱਠੀਆਂ ਲਿਖੀਆਂ ਜਿੰਨਾ ਨੂੰ ਪੜ੍ਹਨ ਤੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਆਪਣੇ ਦੇਸ਼ ਪ੍ਰਤੀ ਉਨ੍ਹਾਂ ਦੇ ਪਿਆਰ ਅਤੇ ਕੁਰਬਾਨੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।ਅੰਤ 31 ਜੁਲਾਈ 1940 ਭਾਰਤ ਦੇ ਇਸ ਮਹਾਨ ਸਪੂਤ ਨੂੰ ਪੈਨਟਨਵਿਲੇ ਜੇਲ੍ਹ ਵਿੱਚ ਫਾਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ।ਜ਼ੈਲ ਅਧਿਕ-ਾਰੀਆਂ ਨੇ ਸਿੱਖ ਰਸਮਾਂ ਅਨੁਸਾਰ ਸੰਸਕਾਰ ਕਰਨ ਆਗਿਆ ਨਾ ਦੇਣ ਕਾਰਨ ਸ਼ਹੀਦ ਊਧਮ ਸਿੰਘ ਨੂੰ ਜੇਲ੍ਹ ਵਿੱਚ ਹੀ ਦਫ਼ਨ ਦਿੱਤਾ ਗਿਆ ਸੀ ਪਰ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਜੁਲਾਈ 1974 ਵਿੱਚ ਸਰਦਾਰ ਊਧਮ ਸਿੰਘ ਜੀ ਦੀਆ ਅਸਥੀਆਂ ਨੂੰ ਭਾਰਤ ਲਿਆਂਦਾ ਗਿਆ ਅਤੇ ਉਨ੍ਹਾਂ ਦੇ ਜੱਦੀ ਨਗਰ ਸੁਨਾਮ ਸਿੱਖ ਰਸਮਾਂ ਅਨੁਸਾਰ ਸੰਸਕਾਰ ਕੀਤਾ ਗਿਆ। ਹਰ ਸਾਲ 31 ਜੁਲਾਈ ਵਾਲੇ ਦਿਨ ਸ਼ਹੀਦ ਊਧਮ ਸਿੰਘ ਦੇ ਬੁੱਤ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ ਪਰ ਇਸ ਦੇ ਨਾਲ ਨਾਲ ਉਸ ਮਹਾਨ ਸੂਰਬੀਰ ਯੋਧੇ ਦੀ ਵਿਚਾਰਧਾਰਾ ਦਾ ਸੁਨੇਹਾ ਵੀ ਆਮ ਲੁਕਾਈ ਤੱਕ ਪਹੁੰਚਾਉਣ ਦੇ ਯਤਨ ਕਰਨੇ ਚਾਹੀਦੇ ਹਨ।ਸ਼ਹੀਦ-ਏ-ਆਜ਼ਮ ਊਧਮ ਸਿੰਘ ਜੀ ਵੱਲੋਂ ਆਪਣੇ ਜੀਵਨ ਵਿੱਚ ਆਈਆਂ ਔਕੜਾ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਵੀ ਆਪਣੇ ਜੀਵਨ ਨੂੰ ਦੇਸ਼ ਦੇ ਲੇਖੇ ਲਾ ਦਿੱਤਾ ਤਾਂ ਜੋ ਉਸ ਦੇ ਦੇਸ਼ ਦੀ ਅਵਾਮ ਇਕ ਅਜ਼ਾਦੀ ਭਰੇ ਜੀਵਣ ਦਾ ਨਿੱਘ ਮਾਣ ਸਕੇ ਜਿੱਥੇ ਹਰ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਅਤੇ ਸਹੂਲਤਾਂ ਮਿਲਣ ਪਰ ਬੜੇ ਅਫ਼ਸੋਸ ਨਾਲ ਦੱਸਣਾ ਬਣਦਾ ਹੈ ਕਿ ਅਜ਼ਾਦੀ ਦੇ 70 ਸਾਲ ਬੀਤ ਜਾਣ ਮਗਰੋਂ ਵੀ ਸਾਡੇ ਦੇਸ਼ ਵਿੱਚ ਜੀਵਣ ਨਿਰਬਾਹ ਕਰਨ ਲਈ ਲੋੜੀਂਦੀਆਂ ਬੁਨਿਆਦੀ ਲੋੜਾਂ ਵੀ ਪੂਰੀ ਜਨ ਮਾਨਸ ਤੱਕ ਨਹੀਂ ਪਹੁੰਚ ਸਕੀਆਂ।ਦੇਸ਼ ਦੀਆ ਰਾਜਨੀਤਕ ਪਾਰਟੀਆਂ ਸਾਡੇ ਦੇਸ਼ ਦੇ ਮਹਾਨ ਸਪੂਤਾ ਦੇ ਨਾਮ ਤੇ ਵਾਹੋ-ਵਾਹੀ ਲੁੱਟਣ ਲਈ ਤਾਂ ਹਮੇਸ਼ਾ ਤਿਆਰ ਰਹਿ-ੰਦੀਆਂ ਹਨ ਪਰ ਸ਼ਹੀਦ ਊਧਮ ਸਿੰਘ ਅਤੇ ਹੋਰ ਦੇਸ਼ ਭਗਤ ਸੂਰਮਿਆ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਦਿੱਤੀਆਂ ਨੂੰ ਕੌਮੀ ਸ਼ਹੀਦ ਐਲਾਨਣ ਤੋਂ ਇਨਕਾਰੀ ਹਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਸ਼ਹੀਦ ਊਧਮ ਸਿੰਘ ਜੀ ਦੇ ਨਾਮ ਤੇ ਦੇਸ਼ ਦੀਆ ਕੇਂਦਰੀ ਯੂਨੀਵਰਸਿਟੀਆਂ ਵਿੱਚ ਚੇਅਰ ਸਥਾਪਿਤ ਕੀਤੀਆਂ ਜਾਣ ਤਾਂ ਕਿ ਉਨ੍ਹਾਂ ਦਾ ਜੀਵਨ ਫ਼ਲਸਫ਼ਾ ਆਉਣ ਵਾਲੀ ਪੀੜੀ ਤੱਕ ਪਹੁੰਚ ਸਕੇ।ਅੱਜ ਦੀ ਨੌਜਵਾਨ ਪੀੜੀ ਨੂੰ ਉਨ੍ਹਾ ਦੇ ਜੀਵਨ ਤੋਂ ਇਹ ਸੇਧ ਲੈਣੀ ਚਾਹੀਦੀ ਹੈ ਕਿ ਤੁਹਾਡੇ ਜ਼ਿੰਦਗੀ ਦਾ ਨਿਸ਼ਾਨਾ ਜਾਂ ਟੀਚਾ ਭਾਵੇਂ ਕਿੰਨਾ ਵੀ ਮੁਸ਼ਕਿਲ ਜਾਂ ਵੱਡਾ ਹੋਵੇ ਪਰ ਜੇ ਤੁਸੀਂ ਉਸ ਟੀਚੇ ਨੂੰ ਪ੍ਰਾਪਤ ਕਰਨ ਲਈ ਆਪਣੇ ਆਪ ਨਾਲ ਇਕ ਅਹਿਦ ਕਰ ਲੈਂਦੇ ਹੋ ਤਾਂ ਦੁਨੀਆ ਦੀ ਕੋਈ ਵੀ ਮੁਸ਼ਕਿਲ ਜਾਂ ਚੁਨੌਤੀ ਤੁਹਾਨੂੰ ਉਸ ਨਿਸ਼ਾਨੇ ਦੀ ਪ੍ਰਾਪਤੀ ਤੋਂ ਵਾਂਝਾ ਨਹੀ ਰੱਖ ਸਕਦੀ।

---

# ਮਿੱਟੀ ਦਾ ਰੁਦਨ

ਗੁਰਮੀਤ ਖੋਖਰ
9-94630-24145



ਯਹੂਦੀ ਇਜ਼ਰਾਈਲ ਪਰਤ ਰਹੇ ਨੇ। ਪੰਜਾਬੀ ਪੰਜਾਬ ਛੱਡ ਕੇ ਜਾ ਰਹੇ ਨੇ। ਇਜ਼ਰਾਈਲ ਵਿੱਚ ਆਲੀਯਾਹ ਹੋ ਰਿਹਾ ਹੈ, ਪੰਜਾਬ ਵਿੱਚ ਡਿਆਸਪੋਰਾ। ਆਲੀਯਾਹ ਅਧੀਨ ਯਹੂਦੀ ਹੋਰਨਾਂ ਮੁਲਕਾਂ ਨੂੰ ਛੱਡ ਕੇ ਇਜ਼ਰਾਈਲ ਵਿੱਚ ਵਸ ਰਹੇ ਹਨ। ਹਰ ਸਾਲ ਹਜ਼ਾਰਾਂ ਯਹੂਦੀ ਆਲੀਯਾਹ ਕਰਦੇ ਹਨ। ਪਿਛਲੇ ਕੁਝ ਵਰਿਆਂ ਚ ਯਹੂਦੀਆਂ ਦੀ ਇਜ਼ਰਾਈਲ ਵਿੱਚ ਵਸਣ ਦੀ ਗਿਣਤੀ ਲਗਭਗ 25 ਤੋਂ 30 ਹਜ਼ਾਰ ਸਲਾਨਾ ਰਹੀ ਹੈ। ਪਰ ਪੰਜਾਬੀ ਡਿਆਸਪੋਰਾ ਤਾਂ ਪਿਛਲੇ ਕਈ ਸਾਲਾਂ ਤੋਂ ਲੱਖਾਂ ਦੇ ਹਿਸਾਬ ਨਾਲ ਹੋ ਰਿਹਾ ਹੈ। ਇਜ਼ਰਾਈਲ ਦਾ ਭੂਗੋਲਿਕ ਖੇਤਰ ਪੰਜਾਬ ਨਾਲੋਂ ਅੱਧੇ ਤੋਂ ਵੀ ਘੱਟ ਹੈ। ਦੱਖਣੀ ਹਿੱਸਾ ਮਾਰੂਥਲ ਹੈ। ਇਸਨੂੰ ਨੈਗੇਵ ਮਾਰੂਥਲ ਕਹਿੰਦੇ ਹਨ। ਇਹ ਇਜ਼ਰਾਈਲ ਦੇ ਭੂਗੋਲਿਕ ਖੇਤਰ ਦਾ ਅੱਧੇ ਤੋਂ ਵੱਧ ਬਣਦਾ ਹੈ। ਮਾਰੂਥਲ ਹੋਣ ਕਾਰਨ ਏਥੇ ਪਾਣੀ ਦੀ ਘਾਟ ਹੈ ਪਰ ਯਹੂਦੀ ਫਿਰ ਵੀ ਨੈਗੇਵ ਮਾਰੂਥਲ 'ਚ ਵਸਦੇ ਜਾ ਰਹੇ ਨੇ ਤੇ ਇਸਨੂੰ ਭਵਿੱਖ ਦਾ "ਇਜ਼ਰਾਈਲ ਦਾ ਫੁੱਲ" ਬਣਾਉਣ ਤੇ ਲੱਗੇ ਹੋਏ ਹਨ।

ਅਸੀਂ ਪੰਜਾਬੀ ਹਰੇ ਭਰੇ ਪੰਜਾਬ ਨੂੰ ਮਾਰੂਥਲ ਬਣਾਉਣ ਲੱਗੇ ਹੋਏ ਹਾਂ। ਲਗਭਗ ਬਣਾ ਹੀ ਦਿੱਤਾ ਹੈ। ਪੰਜ ਦਰਿਆਵਾਂ ਦੀ ਧਰਤੀ ਦੇ ਵਾਸੀ ਪਾਣੀ ਤੋਂ ਮੁਹਤਾਜ ਹੁੰਦੇ ਜਾ ਰਹੇ ਹਨ। ਜੇ ਆਪਣੀ ਧਰਤੀ ਚ ਓਪਰੀ ਫਸਲ ਬੀਜਾਂਗੇ ਤੇ ਉਸਨੂੰ ਪਾਲਣ ਲਈ ਆਪਣੀ ਧਰਤੀ ਦੇ ਪਾਣੀ ਨੂੰ ਓਪਰਿਆਂ ਵਾਂਗ ਵਰਤਾਂਗੇ ਤਾਂ ਨਤੀਜਾ ਇਹੀ ਹੋਵੇਗਾ। ਅਸੀਂ ਆਪਣੇ ਦਰਿਆਵਾਂ ਨੂੰ ਵੀ ਗੰਧਲਾ ਕਰ ਲਿਆ ਹੈ ਤੇ ਯਹੂਦੀ ਸਮੁੰਦਰ ਦਾ ਪਾਣੀ ਸੋਧ ਕੇ ਆਪਣੇ ਖੇਤਾਂ ਨੂੰ ਸਿੰਜ ਰਹੇ ਹਨ। ਅਸੀਂ ਪੰਜਾਬ ਚੋਂ ਆਪਣੀਆਂ ਬੰਜ਼ਰ ਹੁੰਦੀਆਂ ਜਾ ਰਹੀਆਂ ਜ਼ਮੀਨਾਂ ਵੇਚ ਕੇ, ਕਰੋਬਾਰ ਤੇ ਨੌਕਰੀਆਂ ਛੱਡ ਕੇ ਪੱਛਮੀ ਮੁਲਕਾਂ ਨੂੰ ਦੌੜ ਰਹੇ ਹਾਂ ਤੇ ਓਥੇ ਆਬਾਦ ਹੋ ਰਹੇ ਹਾਂ।ਤੇ ਓਧਰ ਅਮਰੀਕਾ, ਫਰਾਂਸ, ਰੂਸ ਆਦਿ ਮੁਲਕਾਂ ਚ ਵਸਦੇ ਯਹੂਦੀ ਨੌਕਰੀਆਂ ਛੱਡ ਕੇ, ਰਿਟਾਇਰਮੈਂਟ ਹੋ ਕੇ, ਕਾਰੋਬਾਰ ਵੇਚ ਕੇ ਨੈਗੇਵ ਮਾਰੂਥਲ ਚ ਆਪਣੇ ਘਰ ਬਣਾ ਰਹੇ ਨੇ। ਉੱਥੇ ਖੇਤੀ ਕਰ ਰਹੇ ਨੇ। ਫਲਾਂ, ਸਬਜ਼ੀਆਂ, ਫੁੱਲਾਂ ਦੀ ਕਾਸ਼ਤ ਕਰ ਰਹੇ ਨੇ। ਦਰੱਖਤ ਲਗਾ ਕੇ ਉਸਨੂੰ ਹਰਾ ਭਰਾ ਬਣਾ ਰਹੇ ਨੇ। ਉਹ ਇਹ ਸਭ ਕੁਝ ਤੁਪਕਾ ਸਿੰਜਾਈ ਵਿਧੀ ਨਾਲ ਕਰ ਰਹੇ ਨੇ ਕਿਉਂਕਿ ਇਜ਼ਰਾਈਲ ਵਿੱਚ ਪਾਣੀ ਦੀ ਬਹੁਤ ਘਾਟ ਹੈ। ਯਹੂਦੀ ਇਜ਼ਰਾਈਲ ਪਰਤ ਰਹੇ ਹਨ।

ਯਹੂਦੀ ਆਪਣੇ ਬੱਚਿਆਂ ਨੂੰ ਆਪਣੀ ਪੁਰਾਤਨ ਭਾਸ਼ਾ ਹੀਬਰੂ ਮੁੜ ਤੋਂ ਪੜਾ ਰਹੇ ਨੇ। ਉਹਨਾਂ ਨੇ ਆਪਣੀ ਮਰ ਚੁੱਕੀ ਭਾਸ਼ਾ ਹੀਬਰੂ ਨੂੰ ਮੁੜ ਤੋਂ ਸੁਰਜੀਤ ਕੀਤਾ ਹੈ। ਜਿਹੜੀ ਕਿ ਕੇਵਲ ਪੁਰਾਤਨ ਯਹੂਦੀ ਗ੍ਰੰਥਾਂ ਤੱਕ ਸੀਮਤ ਹੋ ਕੇ ਰਹਿ ਗਈ ਸੀ। ਵੱਖ ਵੱਖ ਮੁਲਕਾਂ ਤੋਂ ਪਰਤੇ ਯਹੂਦੀ ਉਹਨਾਂ ਮੁਲਕਾਂ ਦੀ ਭਾਸ਼ਾ ਪੜਨ ਜੋਗੇ ਹੀ ਰਹਿ ਗਏ ਸਨ ਜਾਂ ਇਕ ਹੋਰ ਯਹੂਦੀ ਭਾਸ਼ਾ ਯਿਦਿਸ਼ ਪੜ ਲਿਖ ਸਕਦੇ ਸਨ ਪਰ ਕੁਝ ਕੁ ਮੁਲਕਾਂ ਦੇ ਯਹੂਦੀ ਹੀ ਅਜਿਹਾ ਕਰ ਸਕਦੇ ਸਨ।

ਇਜ਼ਰਾਈਲ ਪਰਤ ਕੇ ਯਹੂਦੀ ਤੇ ਉਹਨਾਂ ਦੇ ਬੱਚੇ ਹੀਬਰੂ ਪੜ ਰਹੇ ਹਨ। ਹੀਬਰੂ ਇਜ਼ਰਾਈਲ ਦੀ ਰਾਸ਼ਟਰੀ ਭਾਸ਼ਾ ਹੈ। ਇਜ਼ਰਾਈਲ ਵਿੱਚ ਇਸਦੇ ਨਾਂ ਤੇ ਹੀਬਰੂ ਯੂਨੀਵਰਸਿਟੀ ਬਣੀ ਹੋਈ ਹੈ। ਅੰਗਰੇਜ਼ੀ ਵੀ ਨਾਲ ਨਾਲ ਪੜਾਈ ਜਾਂਦੀ ਹੈ। ਲਗਭਗ ਹਰ ਇਜ਼ਰਾਈਲੀ ਅੰਗਰੇਜ਼ੀ ਪੜ ਲਿਖ ਸਕਦਾ ਹੈ। ਅਸੀਂ ਪੰਜਾਬੀ ਆਪਣੀ ਮਾਂ ਬੋਲੀ ਭੁਲਾਈ ਜਾ ਰਹੇ ਹਾਂ। ਹੋਰਨਾਂ ਭਾਸ਼ਾਵਾਂ ਨੂੰ ਸਿੱਖਣ ਦੀ ਕੀਮਤ ਤੇ ਅਜਿਹਾ ਕਰਦੇ ਜਾ ਰਹੇ ਹਾਂ। ਸਾਡੇ ਅਖੌਤੀ ਆਧੁਨਿਕ ਸਕੂਲਾਂ ਤੇ ਅਖੌਤੀ ਸ਼ਹਿਰੀ ਅਗੜੇ ਘਰਾਂ ਚ ਮਾਂ ਬੋਲੀ ਪੰਜਾਬੀ ਬੋਲਣ ਤੇ ਪਾਬੰਦੀ ਲਗਾਈ ਹੋਈ ਹੈ। ਮਾਂ ਬਾਪ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ 'ਚ ਬੱਚੇ ਪੜਾਉਣਾ ਮਾਣ ਸਮਝਦੇ ਹਨ। ਬੱਚਿਆਂ ਨਾਲ ਪੰਜਾਬੀ ਬੋਲਣ ਚ ਹੱਤਕ ਮਹਿਸੂਸ ਕਰਦੇ ਹਨ। ਐਪਰ ਯਹੂਦੀ ਆਪਣੇ ਬੱਚਿਆਂ ਤੋਂ ਹੀਬਰੂ ਸਿੱਖਣ ਚ ਮਾਣ ਮਹਿਸੂਸ ਕਰਦੇ ਹਨ। ਪੰਜਾਬੀ ਚੰਗੀ ਭਲੀ ਬੋਲੀ ਹੈ। ਇਸਦੀ ਆਪਣੀ ਲਿੱਪੀ ਹੈ। ਸਾਹਿਤਕ ਤੇ ਸੰਸਕ੍ਰਿਤਕ ਇਤਿਹਾਸ ਹੈ। ਇਸਦੇ ਨਾਂ ਤੇ ਵੀ ਪੰਜਾਬੀ ਯੂਨੀਵਰਸਿਟੀ ਬਣੀ ਹੋਈ ਹੈ। ਦੁਨੀਆਂ ਵਿੱਚ ਕੇਵਲ ਦੋ ਹੀ ਯੂਨੀਵਰਸਿਟੀਆਂ ਹਨ ਜੋ ਭਾਸ਼ਾ ਦੇ ਨਾਂ ਤੇ ਬਣੀਆਂ ਹੋਈਆਂ ਹਨ। ਪਰ ਫਿਰ ਵੀ ਅਸੀਂ ਪੰਜਾਬੀ ਮਾਂ ਬੋਲੀ ਤੋਂ ਮੁਨਕਰ ਹੋਈ ਜਾਂਦੇ ਹਾਂ। ਧਰਮਾਂ ਦੇ ਨਾਂ ਤੇ ਇਸਦੀ ਛਾਤੀ ਚੀਰੀ ਬੈਠੇ ਹਾਂ। ਹੋਰ ਚੀਰਨ ਨੂੰ ਫਿਰਦੇ ਹਾਂ।

ਯਹੂਦੀਆਂ ਨੂੰ ਹਜ਼ਾਰਾਂ ਵਰਿਆਂ ਬਾਅਦ ਆਪਣਾ ਖੋਇਆ ਮੁਲਕ ਮਿਲਿਆ ਹੈ। ਉਹਨਾਂ ਨੂੰ ਆਪਣੇ ਪੁਰਖਿਆਂ ਦੀ ਜੰਮਣ ਭੋਇੰ ਦੀ ਕੀਮਤ ਪਤਾ ਹੈ। ਪੰਜਾਬ ਸਾਡੇ ਪੁਰਖਿਆਂ ਦੀ ਜੰਮਣ ਭੋਇੰ ਹੈ ਪਰ ਅਸੀ ਹੌਲੀ ਹੌਲੀ ਇਸਨੂੰ ਗੁਆਉਂਦੇ ਜਾ ਰਹੇ ਹਾਂ। ਸ਼ਾਇਦ ਸਾਨੂੰ ਇਸ ਮਿੱਟੀ ਨਾਲ ਮੋਹ ਨਹੀਂ ਰਿਹਾ। ਲਗਦਾ ਹੈ ਸਾਨੂੰ ਆਪਣੇ ਨਾਲ ਹੀ ਮੋਹ ਨਹੀਂ ਰਿਹਾ। ਇਹ ਸਾਡੇ ਗੁਰੂਆਂ, ਪੀਰਾਂ, ਫਕੀਰਾਂ, ਪੁਰਖਿਆਂ ਤੇ ਸਾਡੀ ਜੰਮਣ ਭੋਇੰ ਹੈ। ਫਿਰ ਵੀ ਅਸੀ ਇਸਤੋਂ ਬੇਮੁੱਖ ਕਿਉਂ ਹੋਣਾ ਚਾਹੁੰਦੇ ਹਾਂ? ਕਿਉਂਕਿ ਅਸੀਂ ਖੁਦ ਤੋਂ ਬੇਮੁੱਖ ਹੋ ਰਹੇ ਹਾਂ। ਅਸਲ ਵਿੱਚ ਅਸੀ ਝਿੜੀਆਂ, ਬੇਲਿਆਂ ਤੋਂ ਬੇਮੁੱਖ ਹੋ ਗਏ ਹਾਂ। ਟੋਭਿਆਂ ਟਿੱਬਿਆਂ ਤੋਂ ਬੇਮੁੱਖ ਹੋ ਗਏ ਹਾਂ । ਬੀੜਾਂ ਮੈਰਿਆਂ ਤੋਂ ਬੇਮੁੱਖ ਹੋ ਗਏ ਹਾਂ। ਚਿੱਟੀਆਂ ਕਪਾਹਾਂ ਤੋਂ ਬੇਮੁੱਖ ਹੋ ਗਏ ਹਾਂ।

ਅਸੀ ਮਿੱਟੀ ਤੋਂ ਬੇਮੁੱਖ ਹੋ ਰਹੇ ਹਾਂ।

ਅਪਣੇ ਸਾਹਾਂ ਤੋਂ ਬੇਮੁੱਖ ਹੋ ਰਹੇ ਹਾਂ ।

ਯਹੂਦੀ ਜਦੋਂ ਦੇਸ਼ ਪਰਤਦੇ ਨੇ।

ਆਪਣੀ ਮਿੱਟੀ 'ਤੇ ਪੈਰ ਰੱਖਦੇ ਨੇ।

ਮਾਣ ਨਾਲ ਭਰ ਜਾਂਦੇ ਹਨ।

ਅਸੀਂ ਪੰਜਾਬੀ ਜਦੋਂ ਪੰਜਾਬ ਛੱਡ ਕੇ ਪੱਛਮੀ ਮੁਲਕਾਂ ਦੀ ਨਾਗਰਿਕਤਾ ਲੈ ਲੈਂਦੇ ਹਾਂ ਤਾਂ ਮਾਣ ਨਾਲ ਭਰ ਜਾਂਦੇ ਹਾਂ। ਕਿੰਨਾ ਫਰਕ ਹੈ ਮਾਨਸਿਕਤਾ ਦਾ। ਇਹ ਮਾਨਸਿਕਤਾ ਦਾ ਫਰਕ ਕਿਉਂ ਹੈ। ਕਿਉਂਕਿ ਸਰਕਾਰਾਂ ਦੀ ਮਾਨਸਿਕਤਾ ਚ ਫਰਕ ਹੈ। ਪੰਜਾਬ ਚ ਹੁਣ ਤੱਕ ਬਣੀਆਂ ਸਰਕਾਰਾਂ ਨੇ ਪੰਜਾਬ ਨੂੰ ਉਜਾੜਨ ਦਾ ਕੰਮ ਕੀਤਾ ਹੈ। ਸੱਤਾ ਦੇ ਦਲਾਲਾਂ ਨੇ ਸੱਤਾ ਦੀ ਖਾਤਰ ਜ਼ਮੀਰਾਂ ਦੇ ਸੌਦੇ ਕਰ ਲਏ ਤੇ ਪੰਜਾਬ ਦੀ ਤਕਦੀਰ ਫੋੜਣ ਲੱਗ ਗਏ। ਰੰਗਲੇ ਪੰਜਾਬ ਨੂੰ ਕੰਗਲਾ ਪੰਜਾਬ ਬਣਾ ਧਰਿਆ। ਪਰ ਯਹੂਦੀਆਂ ਵਾਂਗ ਅਸੀਂ ਪੰਜਾਬੀ ਵੀ ਜਲਦੀ ਪਰਤਾਂਗੇ ਕਿਉਂਕਿ ਸਾਡੀ ਪੰਜਾਬੀਆਂ ਦੀ ਤਾਸੀਰ ਹੀ ਅਜਿਹੀ ਹੈ ਕਿ ਅਸੀਂ ਜਦੋਂ ਠੋਕਰ ਖਾ ਕੇ ਡਿੱਗਦੇ ਹਾਂ ਤਾਂ ਏਨਾ ਤੇਜ ਦੌੜਦੇ ਹਾਂ ਕਿ ਦੌੜ ਵੀ ਸ਼ਾਬਾਸ਼ ਦੇਣ ਲੱਗਦੀ ਹੈ। ਅਸੀਂ ਫਿਰ ਦਰਿਆਵਾਂ ਦੀਆਂ ਛੱਲਾਂ ਦੇ ਨੈਣਾਂ ਚ ਨੈਣ ਪਾਵਾਂਗੇ। ਟਾਹਲੀਆਂ, ਕਿੱਕਰਾਂ,ਪਿੱਪਲਾਂ, ਬੋਹੜਾਂ ਨਾਲ ਰਲ ਕੇ ਪੰਜਾਬ ਦੀ ਚੜਦੀ ਕਲਾ ਲਈ ਅਰਦਾਸ ਕਰਾਂਗੇ। ਇਸਦੀ ਅਮਲੀ ਹੋਈ ਮਿੱਟੀ ਫਿਰ ਛੋਲੇ ਖਾਇਆ ਕਰੇਗੀ। ਛੱਲੀਆਂ ਚੱਬਿਆ ਕਰੇਗੀ। ਹੁੰਮਸ ਭਰੀ ਹਵਾ ਚ ਫਿਰ ਤੋਂ ਘੁਲਾੜੀ ਦੇ ਤੱਤੇ ਗੁੜ ਦੀ ਮਹਿਕ ਘੁਲੇਗੀ। ਚਿੜੀਆਂ ਫਿਰ ਤੋਂ ਚਹਿਕਣਗੀਆਂ। ਕਾਂ ਹੱਥਾਂ ਚੋਂ ਟੁੱਕ ਖੋਹਣਗੇ ਤੇ ਮਾਵਾਂ ਹੱਸਣਗੀਆਂ। ਰੁੱਖ ਨੱਚਣਗੇ ਤੇ ਝੜੀਆਂ ਬਰਸਣਗੀਆਂ।ਇਸਦੀ ਧਰਤੀ ਤੇ ਜੇ ਕੋਈ ਚਿੱਟੀ ਸ਼ੈਅ ਹੋਵੇਗੀ ਤਾਂ ਉਹ ਦੁੱਧ ਦੀ ਨਦੀ ਹੋਵੇਗੀ ਜਾਂ ਕਿਸੇ ਮੁਟਿਆਰ ਦੇ ਹੱਸਦੇ ਚਿੱਟੇ ਦੰਦ ਹੋਵਣਗੇ ਜਾਂ ਫਿਰ ਕਿਸੇ ਬਜ਼ੁਰਗ ਦੀ ਚਿੱਟੀ ਦਾਹੜੀ ਹੋਵੇਗੀ। ਇਸਦੇ ਦਰਿਆਵਾਂ ਦੇ ਪਾਣੀ ਚ ਦੇਖ ਕੇ ਮੁਟਿਆਰਾਂ ਠੋਡੀ ਵਾਲਾ ਤਿਲ ਦੇਖਿਆ ਕਰਨਗੀਆਂ ਤੇ ਮਹਿਬੂਬ ਦੇ ਚਿਹਰੇ ਦਾ ਤਸੱਵਰ ਕਰਿਆ ਕਰਨਗੀਆਂ। ਸ਼ੀਸ਼ੇ ਸਾਫ਼ ਸਫ਼ਾਫ ਪਾਣੀ ਨੂੰ ਦੇਖ ਸ਼ਰਮਾਇਆ ਕਰਨਗੇ। ਆਓ ਅੱਜ ਤੋਂ ਅਸੀ ਇਹ ਪ੍ਰਣ ਕਰੀਏ। ਕਿਉਂਕਿ ਅਸੀ ਪੰਜਾਬੀ ਹਾਂ। ਅਸੀ ਅਣਭੋਲਪੁਣੇ 'ਚ ਠੋਕਰ ਖਾ ਕੇ ਡਿੱਗਦੇ ਜ਼ਰੂਰ ਹਾਂ ਪਰ ਫਿਰ ਉੱਠ ਕੇ ਏਨਾਂ ਤੇਜ਼ ਦੌੜਦੇ ਹਾਂ ਕਿ ਦੌੜ ਵੀ ਸ਼ਰਮਾ ਜਾਂਦੀ ਏ।

# ਮੋਰਚਾ ਗੁਰੂ ਕਾ ਬਾਗ- 8 ਅਗਸਤ 1922



ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਹੈ, ਜਿਸ ਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਇਸਲਾਮ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ-ਸੱਚ, ਨਿਆਂ ਅਤੇ ਸਵੈਮਾਣ, ਸਵੈ-ਰੱਖਿਆ ਅਤੇ ਆਜ਼ਾਦੀ ਵਾਸਤੇ ਫੌਜੀ ਖਾਲਸਾ ਤਿਆਰ ਹੋਇਆ। ਜਿਸਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਰਾਜ ਸਥਾਪਤ ਕੀਤਾ। ਪਰ ਅੰਗਰੇਜ਼ੀ ਰਾਜ ਵਿਚ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਅਤੇ ਸਿੱਖੀ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ। ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਹਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਕੇ ਵਰਤਣਾ ਸ਼ੁਰੂ ਕਰ ਦਿੱਤਾ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਗੁਰੂ ਕਾ ਬਾਗ ਆਦਿ ਮੋਰਚੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਨੂੰ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੀ ਲੜਾਈ ਵਿਚ ਕੜੀ ਦਾ ਕੰਮ ਕੀਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ

510-781-0487

ਇਹਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁੱਕੇਵਾਲੀ, ਸੰਹਿਸਰਾ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਹਨਾਂ ਗੁਰਧਾਮਾਂ ਦੇ ਨਾਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰ ਦਾਸ ਦਾ ਕਬਜ਼ਾ ਸੀ। ਜੋ ਇਕ ਦੁਰਾਚਾਰੀ, ਅਯਾਸ਼ ਅਤੇ ਭ੍ਰਿਸ਼ਟ ਸੀ। ਉਸਨੂੰ ਸਿੱਖਾਂ ਵਿਰੁੱਧ ਅੰਗਰੇਜ਼ ਸਰਕਾਰ ਦੀ ਸ਼ਹਿ ਮਿਲੀ ਹੋਈ ਸੀ। ਮਹੰਤਾਂ ਦੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ: ਨੂੰ 'ਸਾਕਾ ਗੁਰੂ ਕਾ ਬਾਗ' ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਕ ਦਿਨ 'ਗੁਰੂ ਕਾ ਬਾਗ' ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰ ਅਮਨ ਸੰਘਰਸ਼ ਕਰਨ ਲਈ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ, ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖਤੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਜਥੇ ਨੂੰ ਗੁੰਮਟਾਲਾ ਪੁਲ 'ਤੇ ਘੇਰ ਕੇ ਕੁੱਟਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਵੀ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਬੰ-ਦੂਕਾਂ ਦੇ ਦਸਤੇ 'ਤੇ ਡਾਂਗਾਂ ਨਾਲ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਕੁ ਦਾ ਜਥਾ, ਫਿਰ 100 ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨਆਂ ਦੇਣ ਲੱਗੇ। ਪੁਲਿਸ ਉਹਨਾਂ 'ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ ਤੇ ਹੰਢਾਉਂਦ ਹੋਏ ਫੱਟੜ ਹੋ ਕੇ ਡਿੱਗ ਜਾਂਦੇ ਹੌਸਲਾ ਕਰਕੇ ਫਿਰ ਉਠਦੇ ਤੇ ਮਾਰ ਖਾਣ ਲਈ ਛਾਤੀਆਂ ਤਾਣ ਲੈਂਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ ਸਗੋਂ ਫੱਟੜ ਹੋ ਕੇ ਡਿੱਗੇ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਲੋਕ ਅਤੇ ਨੇਤਾ ਗੁਰੂ ਕਾ ਬਾਗ ਪਹੁੰਚਣ ਲੱਗੇ, ਜਿਹਨਾਂ ਵਿਚ ਮਦਨ ਮੋਹਨ ਮਾਲਵੀਆ, ਸੀ. ਐਫ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਂ, ਸੱਯਦ ਅਤਾਉਲਾ ਸ਼ਾਹ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਦੋਂ ਇਲਾਵਾ ਅਖਬਾਰ ਨਵੀਸ ਸਨ। ਸਭ ਨੇ ਅੰ-ਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੀ, ਦੀ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ. ਐਫ. ਐਂਡਰਿਊਜ਼, ਜਿਸਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਲੋਕ ਤਸੀਹੇ ਝੱਲਦੇ ਵੇਖ ਕੇ ਰੋ ਪਿਆ ਸੀ।

ਉਸਨੇ ਅਖਬਾਰਾਂ ਨੂੰ ਭੇਜਿਆ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ, ਇਕ ਹਿਰਦੇਵਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਦੇਖੀ ਜਾ ਸਕਦੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾਂ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ ਏ. ਐਲ. ਵਰਗੀਸ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ।

ਸਰ ਐਡਵਰਡ ਮੈਲਾਗਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਦੇਣ ਨਾਲ ਸਿੰਘਾਂ ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵੱਲੋਂ ਗੁਰਦੁਆਰਾ ਦੀ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜ਼ਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾਅ ਹੋ ਗਏ ਤੇ ਮੋਰਚਾ ਸਮਾਪਤ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫਤਾਰ ਹੋਏ ਸਨ, ਜਿਹਨਾਂ ਵਿਚ ਲੱਗਭੱਗ 35 ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਅਤੇ ਬਹਾਦਰੀ 'ਤੇ ਲੋਕਾਂ ਨੂੰ ਮਾਣ ਹੈ। ਸੂਰਬੀਰਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ 'ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਿਤ ਕੀਤਾ ਅਤੇ ਉਸ ਸਮੇਂ ਦੇ ਸਿੱਖ ਆਦਰਸ਼ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਸਿੱਖਿਆ ਮਿਲਦੀ ਹੈ। ਇਹ







# ਅਰਦਾਸ ਕਰਾਂ.. !





**ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'**

ਹਲਕੀ ਫੁਲਕੀ ਕਮੇਡੀ ਅਤੇ ਘਸੇ ਪਿੱਟੇ ਵਿਸ਼ਿਆਂ ਤੋਂ ਹਟਕੇ ਇੱਕ ਬਹੁਤ ਵਧੀਆ ਸੁਨੇਂਹਾ ਹੈ ਗਿੱਪੀ ਗਰੇਵਾਲ ਦੀ 'ਅਰਦਾਸ ਕਰਾਂ' ਫ਼ਿਲਮ ਵਿੱਚ। ਬਹੁਤ ਸਾਰੇ ਗਿੱਪੀ ਦੇ ਗੀਤਾਂ ਦੀ ਅਲੋਚਨਾਂ ਵੀ ਹੁੰਦੀ ਰਹੀ ਹੈ ਪਰ ਇਹ ਫ਼ਿਲਮ ਬਣਾਕੇ ਗਿੱਪੀ ਆਪਣੇ ਤੇ ਲੱਗੇ ਸਾਰੇ ਦਾਗ ਧੋ ਗਿਆ, ਪੱਗ ਵਿੱਚ ਗਿੱਪੀ ਬਹੁਤ ਜਚਿਆ 'ਤੇ ਐਕਟਿੰਗ ਪੱਖੋਂ ਵੀ ਉਸ ਵਿੱਚ ਬਹੁਤ ਸੁਧਾਰ ਵੇਖਣ ਨੂੰ ਮਿਲਿਆ। ਛੋਟੇ ਕੱਦ ਵਾਲੇ ਰਾਣੇ ਰਣਵੀਰ ਦੀ ਲਿਖੀ ਇਹ ਫ਼ਿਲਮ, ਜੀਹਦੇ ਡਾਇਲਾਗ ਵੀ ਰਾਣੇ ਨੇ ਆਪ ਲਿਖੇ, ਉਹਨੇ ਸਾਬਤ ਕਰ ਦਿੱਤਾ ਕਿ ਉਸਦਾ ਕੱਦ ਹੀ ਛੋਟਾ 'ਲੇਕਿਨ ਉਸਦੀ ਸੋਚ ਬਹੁਤ ਵੱਡੀ ਹੈ..! ਗੁਰਪ੍ਰੀਤ ਘੁੱਗੀ ਜਿਹੜਾ ਗੰਦੀ ਸਿਆਸਤ ਵਿੱਚ ਤਾਂ ਪੈਰ ਨਹੀਂ ਜਮਾਂ ਸਕਿਆ ਪਰ 'ਅਰਦਾਸ ਕਰਾਂ' ਫ਼ਿਲਮ ਜ਼ਰੀਏ ਉਸਨੇ ਦੱਸ ਦਿੱਤਾ ਕਿ ਐਕਟਿੰਗ ਕੀ ਹੁੰਦੀ ਹੈ..! ਯੋਗਰਾਜ ਦਾ ਰੋਲ ਬੇਸ਼ੱਕ ਛੋਟਾ ਹੈ, 'ਲੇਕਿਨ ਉਸਨੇ ਛੋਟੇ ਰੋਲ ਰਾਹੀਂ ਵੀ ਆਪਣੀ ਐਕਟਿੰਗ ਦਾ ਲੋਹਾ ਮਨਵਾਇਆ। ਮਲਕੀਤ ਰੌਣੀ, ਸਰਦਾਰ ਸੋਹੀ ਦੀ ਜੋੜੀ ਨੇ ਜਿੱਥੇ ਦਰਸ਼ਕਾਂ ਨੂੰ ਰਵਾਇਆ ਓਥੇ ਕਦੇ ਕਦੇ ਹਸਾਇਆ ਵੀ। ਬਾਲ ਕਲਾਕਾਰਾਂ ਅਤੇ ਫੀ-ਮੇਲ ਅਦਾਕਾਰਾਂ ਨੇ ਵੀ ਬਾਕਮਾਲ ਕੰਮ ਕੀਤਾ। ਪਾਕਿਸਤਾਨੀ ਫੈਮਲੀ ਦਾ ਰੋਲ ਵੀ ਬਹੁਤ ਅਹਿਮ ਸੀ, ਜਿਹੜਾ ਕਿ ਸਬੰਧਤ ਕਲਾਕਾਰਾਂ ਨੇ ਬਹੁਤ ਵਧੀਆ ਨਿਭਾਇਆ। ਇਸ ਫ਼ਿਲਮ ਵਿੱਚ ਹਰ ਉਮਰ ਦੇ ਦਰਸ਼ਕਾਂ ਲਈ ਸੁਨੇਂਹਾ ਹੈ ਕਿ ਜ਼ਿੰਦਗੀ ਬਹੁਤ ਖ਼ੂਬਸੂਰਤ ਹੈ ਇਸਨੂੰ ਆਪੋ ਆਪਣੀ ਈਗੋ ਛੱਡਕੇ ਆਪਣੇ ਫਰਜ ਸਮਝਕੇ ਜਿਉਣਾਂ ਸਿੱਖੋ। ਨਿੱਕੀਆਂ ਨਿੱਕੀਆਂ ਪ੍ਰਾਬਲਮਾਂ ਹਰ ਘਰ ਵਿੱਚ ਹੁੰਦੀਆਂ ਨੇ ਜਿਸ ਕਰਕੇ ਅਕਸਰ ਘਰਾਂ ਵਿੱਚ ਕਲੇਸ਼ ਰਹਿੰਦੇ ਨੇ 'ਤੇ ਕਲੇਸ਼ ਕਈ ਵਾਰੀ ਬਹੁਤ ਭਿਆਨਕ ਵੀ ਸਾਬਤ ਹੁੰਦੇ ਨੇ, ਜਦੋਂ ਬੰਦਾ ਘਰੋਂ ਚਲਿਆ ਜਾਂਦਾ ਉਸ ਸਮੇਂ ਸਾਨੂੰ ਉਸ ਰਿਸ਼ਤੇ ਦੀ ਅਹਿਮੀਅਤ ਬਾਰੇ ਪਤਾ ਲੱਗਦਾ ਹੈ। ਅਖੀਰ ਗੱਲ ਜਨਰੇਸ਼ਨ ਗੈਪ ਤੇ ਆਕੇ ਮੁੱਕਦੀ ਹੈ, ਜਿਹੜਾ ਕਿ ਹਰ ਪੀੜ੍ਹੀ ਅੰਦਰ ਹੈ ਅਤੇ ਰਹੇਗਾ, ਇਸ ਨੂੰ ਸਮਝਣ ਦੀ ਲੋੜ ਹੈ। ਹਰ ਇੱਕ ਨੂੰ ਆਪਣਾ ਦੁੱਖ ਵੱਡਾ ਲੱਗਦਾ 'ਲੇਕਿਨ ਕਈ ਵਾਰੀ ਹੋਰਾਂ ਦੇ ਮੁਕਾਬਲੇ ਤੁਹਾਡਾ ਦੁੱਖ ਕੱਖ ਵੀ ਨਹੀਂ ਹੁੰਦਾ। ਮੁਸੀਬਤ ਚਾਹੇ ਕਿੱਡੀ ਵੀ ਹੋਵੇ ਉਸਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਖਿੜੇ ਮੱਥੇ ਚੜਦੀਕਲਾ ਵਿੱਚ ਸਵਿਕਾਰਨਾ ਫ਼ਿਲਮ ਦਾ ਮੁੱਖ ਸੰਦੇਸ਼ ਹੈ। ਸਰਦਾਰ ਸੋਹੀ ਜਿਹੜਾ ਆਪਣੀ ਦਮਦਾਰ ਐਕਟਿੰਗ ਕਰਕੇ ਫ਼ਿਲਮ ਇੰਡਸਟਰੀ ਵਿੱਚ ਬਹੁਤ ਵਾਰ ਆਪਣਾ ਲੋਹਾ ਮਨਵਾ ਚੁੱਕਾ ਹੈ, ਇਸ ਫ਼ਿਲਮ ਵਿੱਚ ਉਹ ਇੱਕ ਪੰਡਿਤ ਦੇ ਰੋਲ ਵਿੱਚ ਵਹਿਮਾਂ ਭਰਮਾਂ ਦਾ ਠੀਕਰਾ ਭੰਨਦਾ ਇੱਕ ਵੱਖਰੇ ਅੰਦਾਜ਼ ਵਿੱਚ ਨਜ਼ਰੀਂ ਪਿਆ। ਇਸ ਫ਼ਿਲਮ ਵਿੱਚ ਇਹ ਵੀ ਦਰਸਾਇਆ ਗਿਆ ਕਿ ਮੁਆਫੀ ਅਤੇ ਧੰਨਵਾਦ ਵਰਗੇ ਸ਼ਬਦ ਜ਼ਿੰਦਗੀ ਵਿੱਚ ਵਰਤਣ ਨਾਲ ਕਈ ਮਸਲੇ ਸੌਖੇ ਸੁਲਝ ਜਾਂਦੇ ਨੇ। ਕਨੇਡਾ ਦੀਆਂ ਖ਼ੂਬਸੂਰਤ ਵਾਦੀਆਂ ਵਿੱਚ ਸ਼ੂਟ ਹੋਈ ਫ਼ਿਲਮ ਵਿੱਚ ਕੁਦਰਤੀ ਨਜ਼ਾਰਿਆਂ ਦੇ ਖ਼ੂਬ ਦਰਸ਼ਨ ਦੀਦਾਰੇ ਹੋਏ। ਪਰਿਵਾਰਕ ਰਿਸ਼ਤਿਆਂ ਨੂੰ ਹੋਰ ਪਕੇਰਾ ਕਰਦੀ, ਸਾਂਝੀਵਾਲਤਾ ਦਾ ਸੁਨੇਂਹਾ ਦਿੰਦੀ, ਲੱਚਰਤਾ ਤੋਂ ਕੋਹਾਂ ਦੂਰ ਇਹ ਫ਼ਿਲਮ ਜ਼ਿੰਦਗੀ ਜਿਉਣ ਦਾ ਇੱਕ ਅਨੋਖਾ ਹੁਨਰ ਸਿਖਾਉਂਦੀ ਹੈ। 'ਅਰਦਾਸ ਕਰਾਂ' ਫ਼ਿਲਮ ਦੀ ਪੂਰੀ ਟੀਮ ਨੂੰ ਇੱਕ ਨਰੋਈ ਫ਼ਿਲਮ ਪੰਜਾਬੀ ਸਿਨਮੇ ਦੀ ਝੋਲ੍ਹੀ ਪਾਉਣ ਲਈ ਬਹੁਤ ਬਹੁਤ ਵਧਾਈਆ।

# ਝਾਂਜਰਾਂ ਵਾਲੀ



**(ਅਮਰ ਮੀਨੀਆਂ ਗਲਾਸਗੋ)**

ਮੇਰਾ ਨਾਨਕਾ ਪਿੰਡ ਨੇੜੇ ਹੋਣ ਕਰਕੇ ਜਾਂ ਸਾਧਨਾਂ ਦੀ ਕਮੀ ਕਰਕੇ, ਅਸੀਂ ਮਾਤਾ ਨਾਲ ਪੈਦਲ ਹੀ ਚਲੇ ਜਾਂਦੇ। ਕੱਚੇ ਰਸਤੇ ਤੇ ਰੇਤੇ ਦੇ ਟਿੱਬਿਆਂ ਵਿੱਚ ਤੁਰਨਾਂ ਹੋਰ ਵੀ ਮੁਸ਼ਕਿਲ ਹੁੰਦਾ। ਗਰਮੀਆਂ ਦੀਆਂ ਛੁੱਟੀਆਂ ਵੇਲੇ ਜਿੱਥੇ ਨਾਨਕੇ ਜਾਣ ਦਾ ਚਾਅ ਹੁੰਦਾ, ਉੱਥੇ ਤੱਤੇ ਰੇਤਿਆਂ ਦੀ ਵਾਟ ਦਾ ਵੀ ਫਿਕਰ ਹੋਣਾਂ। ਨਾਨਕਿਆਂ ਦੀ ਜੂਹ ਚ ਵੜਦਿਆਂ ਹੀ ਸਾਡਾ ਸਤਨਾਮ ਵਾਹਿਗੁਰੂ ਸਿਮਰਨ ਸ਼ੁਰੂ ਹੋ ਜਾਣਾਂ। ਰਸਤੇ ਵਿੱਚ ਸੂਆ ਵਗਦਾ ਸੀ, ਜਿੱਥੇ ਵੱਡੇ ਬੋਹੜ ਦੀ ਛਾਂਵੇ ਲੱਗੇ, "ਕੁੱਤੇ ਨਲਕੇ" ਤੋਂ ਠੰਡਾਂ ਠਾਰ ਪਾਣੀ ਪੀਂਦੇ।

ਕਦੇ-ਕਦੇ ਉੱਥੇ ਬੋਹੜ ਦੀ ਛਾਂ ਹੇਠ ਅਰਾਮ ਕਰਦਾ ਫੱਤੂ ਮਾਮਾ ਮਿਲ ਪੈਂਦਾ। ਚਾਲੀ ਕੁ ਪਾਰ ਕਰ ਚੁੱਕਾ, ਫੱਤੂ ਜਿਸਦਾ ਪੂਰਾ ਨਾਂ ਫਤਹਿ ਸਿੰਘ ਸੀ, ਮਾਤਾ ਜੀ ਦੇ ਸ਼ਰੀਕੇ ਚੋਂ ਭਰਾ ਲੱਗਦਾ ਸੀ। ਫੱਤੂ ਮਾਮਾ ਸਾਨੂੰ ਖਰਬੂਜ਼ੇ, ਖੱਖੜੀਆਂ, ਛੱਲੀਆਂ ਜਾਂ ਕੋਈ ਹੋਰ ਮੌਸਮੀ ਫਲ ਆਪਣੇ ਖੇਤ ਚੋਂ ਤੋੜ ਕੇ ਦਿੰਦਾ, ਪਰ ਮਾਤਾ ਸਾਨੂੰ ਖਾਣ ਨਾ ਦਿੰਦੀ। ਅੱਖੋਂ ਉਹਲੇ ਹੋਏ ਫੱਤੂ ਨੂੰ ਵੇਖ ਕੇ ਦੂਰ ਵਗਾਹ ਮਾਰਦੀ। ਦਰਅਸਲ ਫੱਤੂ ਦੇ ਖੇਤ, ਸੂਏ ਤੇ ਬੋਹੜ ਨਾਲ ਇਕ ਕਹਾਣੀ ਪੂਰੇ ਪਿੰਡ ਤੇ ਇਲਾਕੇ ਵਿੱਚ ਪ੍ਰਚੱਲਤ ਸੀ ਕਿ ਸੂਏ ਵਾਲੇ ਬੋਹੜ ਤੇ ਝਾਂਜਰਾਂ ਵਾਲੀ ਭੂਤ ਰਹਿੰਦੀ ਆ। ਤਿੱਖੜ ਦੁਪਿਹਰ ਵੇਲੇ ਉਹ ਇਸ ਰਸਤੇ ਤੇ ਘੁੰ-ਮਦੀ ਤੇ ਝਾਂਜਰਾਂ ਛਣਕਾਉਂਦੀ ਬਹੁਤ ਲੋਕਾਂ ਨੇ ਵੇਖੀ ਹੈ। ਪਿੰਡ ਦੇ ਸਰੂਪੇ ਅਮਲੀ ਦੀ ਇਸੇ ਰਸਤੇ ਚ ਅਚਾਨਕ ਹੋਈ ਮੌਤ ਦਾ ਕਾਰਨ ਵੀ ਝਾਂਜਰਾਂ ਵਾਲੀ ਹੀ ਸੀ। ਇਸ ਰਸਤੇ ਤੋਂ ਲੰਘਣ ਪਿੱਛੋਂ ਬਿਮਾਰ ਹੋਏ ਲੋਕਾਂ ਵਿੱਚ ਵੀ, "ਭੂਤ ਭਜਾਉ" ਡੇਰਿਆਂ ਤੇ ਜਾਕੇ ਝਾਂਜਰਾਂ ਵਾਲੀ ਹੀ ਬੋਲਦੀ। ਇਸ ਕਰਕੇ ਦੁਪਿਹਰ ਤੇ ਰਾਤ ਵੇਲੇ ਕੋਈ ਜਿਗਰੇ ਵਾਲਾ ਹੀ ਉਸ ਰਾਹ ਦਾ ਪਾਂਧੀ ਬਣਦਾ। ਖੇਤਾਂ ਵਿੱਚ ਕੰਮ ਕਰਨ ਵਾਲੇ ਵੀ ਟਾਂਵੇ ਟੱਲੇ ਦਿਸਦੇ ਪਰ ਫੱਤੂ ਮਾਮਾ ਬੇਪਰਵਾਹ ਆਪਣੀ ਖੇਤੀ ਕਰਦਾ। ਅੰਗਰੇਜ਼ਾਂ ਵੇਲੇ ਪੰਜ ਕੁ ਜਮਾਤਾਂ ਉਰਦੂ ਪੜੇ ਫੱਤੂ ਬਾਰੇ ਲੋਕਾਂ ਵਿੱਚ ਚਰਚਾ ਸੀ ਕਿ ਇਸ ਨੇ ਮੁਸਲਮਾਨ ਪੀਰ ਕੋਲੋਂ ਕਾਲਾ ਇੱਲਮ ਲਿਆ ਹੋਇਆ ਹੈ। ਇਸਨੇ ਸ਼ਿਲੇ(ਚਲੀਸੇ) ਕੱਢੇ ਹੋਏ ਆ, ਇਸ ਕਰਕੇ ਝਾਂਜਰਾਂ ਵਾਲੀ ਇਸ ਨੂੰ ਕੁਛ ਨਹੀਂ ਕਹਿੰਦੀ। ਜਿਆਦਾਤਰ ਚੁੱਪਚਾਪ ਰਹਿਣ ਵਾਲੇ ਫੱਤੂ ਵੱਲ ਵੇਖ ਕੇ, ਇੰਞ ਹੀ ਲੱਗਦਾ ਸੀ ਕਿ ਸ਼ਾਇਦ ਉਹ ਮਨ ਹੀ ਮਨ ਕੋਈ ਮੰਤਰ ਪੜ੍ਹਦਾ ਹੋਵੇ। ਇਹੀ ਕਾਰਨ ਸੀ ਕਿ ਮਾਮੇ ਵੱਲੋਂ ਪਿਆਰ ਨਾਲ ਦਿੱਤੀ ਹਰ ਸੌਗਾਤ ਸਾਨੂੰ ਰਸਤੇ ਵਿੱਚ ਹੀ ਸੁੱਟਣੀ ਪੈਂਦੀ ਤੇ ਜੂਹ ਚ ਵੜਦਿਆਂ ਹੀ ਨਾਮ ਜਪਣਾਂ ਪੈਂਦਾ।

ਕੁਛ ਪ੍ਰਦੇਸ਼ਾਂ ਦੇ ਮਾਮਲੇ ਤੇ ਦੂਜਾ ਮਾਤਾ ਜੀ ਦੀ ਮੌਤ ਤੋਂ ਬਾਅਦ ਨਾਨਕੇ ਪਿੰਡ ਆਉਣ ਜਾਣ ਬਹੁਤ ਘਟ ਗਿਆ। ਪੰਜ ਕੁ ਸਾਲ ਪਹਿਲਾਂ ਮੇਰੇ ਛੋਟੇ ਮਾਮੇ ਦੇ ਲੜਕੇ ਦਾ ਵਿਆਹ ਸੀ। ਅੱਸੀ ਕੁ ਸਾਲਾ ਬਜ਼ੁਰਗ ਨੇ ਮੋਢੇ ਤੇ ਹੱਥ ਰੱਖ ਕੇ ਪੁੱਛਿਆ, "ਕਿਵੇਂ ਆ ਵਲੈਤੀ ਭਾਣਜਿਆ, ਪਛਾਣਿਆ? ਮੈਂ ਪਛਾਨਣ ਦੀ ਕੋਸ਼ਿਸ਼ ਕਰਦਿਆਂ ਨਾਂਹ ਚ ਸਿਰ ਫੇਰਿਆ, ਤਾਂ ਚਿੱਟੀ ਦਾੜ੍ਹੀ ਵਿੱਚ ਚਿੱਟੇ ਚਿੱਟੇ ਬਨਾਉਟੀ ਦੰਦਾਂ ਨਾਲ ਹੱਸਦਿਆਂ ਕਹਿੰਦਾ," ਛੋਟਾ ਹੁੰਦਾ ਖੱਖੜੀਆਂ, ਖਰਬੂਜ਼ੇ, ਗੰਨੇ ਮੈਥੋਂ ਲੈ ਕੇ ਜਾਂਦਾ ਹੁੰਦਾ ਸੀ। ਮੈਂ ਫੱਤੂ ਮਾਮੇ ਦੇ ਪੈਰਾਂ ਵੱਲ ਝੁਕ ਗਿਆ। ਦੂਜੇ ਦਿਨ ਬਰਾਤ ਵੇਲੇ ਫੱਤੂ ਮੇਰੀ ਗੱਡੀ ਵਿੱਚ ਹੀ ਮੂਹਰਲੀ ਸੀਟ ਤੇ ਬੈਠ ਗਿਆ। ਡੇਢ ਕੁ ਘੰਟੇ ਦੇ ਸਫਰ ਦੌਰਾਨ, ਅਸੀਂ ਮਾਮੇ ਭਾਣਜੇ ਤੋਂ ਦੋਸਤਾਂ ਤੱਕ ਦਾ ਸਫਰ ਤੈਅ ਕਰ ਲਿਆ। ਹਮੇਸ਼ਾਂ ਚੁੱਪਚਾਪ ਰਹਿਣ ਵਾਲਾ ਫੱਤੂ ਮਾਮਾ ਕਾਫੀ ਸਮਝਦਾਰ ਤੇ ਤਰਕਵਾਦੀ ਸੀ। ਉਸਨੂੰ ਵੀ ਸ਼ਾਇਦ ਮੇਰੀਆਂ ਯੱਭਲੀਆਂ ਚੰਗੀਆਂ ਲੱਗੀਆਂ, ਇਸ ਲਈ ਅਸੀਂ ਪੂਰਾ ਦਿਨ ਇਕੱਠੇ ਹੀ ਰਹੇ।

ਪੈਲੇਸ ਦੇ ਰੌਲੇ ਗੌਲੇ ਤੋਂ ਦੂਰ ਅਸੀਂ ਬਾਹਰ ਹੀ ਆਪਣੀ ਮਹਿਫਲ ਸਜਾ ਲਈ। ਸਾਨੂੰ ਦੋਹਾਂ ਨੂੰ ਵੇਖ ਸਾਡੇ ਰਿਸ਼ਤੇਦਾਰ ਹੱਸ ਰਹੇ ਸਨ, ਸ਼ਾਇਦ ਸੋਚਦੇ ਹੋਣ ਦੋ ਪਾਗਲ ਇਕੱਠੇ ਹੋ ਗਏ ਜਾਂ ਫਿਰ ਲੰਡੇ ਨੂੰ ਮੀਣਾਂ ਵਲ ਪਾ ਕੇ ਮਿਲ ਪਿਆ।

ਚੱਲਦੀਆਂ ਗੱਲਾਂ ਵਿੱਚ ਝਾਂਜਰਾਂ ਵਾਲੀ ਦੀ ਗੱਲ ਸ਼ੁਰੂ ਹੋ ਗਈ। ਮਾਮੇ ਨੇ ਜੋ ਕਹਾਣੀ ਦੱਸੀ ਬੜੀ ਦਿਲਚਸਪ ਸੀ। ਯਰ ਭਾਣਜੇ ਅਸਲ ਗੱਲ ਹੋਰ ਸੀ। ਆਪਣੇ ਪਿੰਡੋਂ ਘੁੱਦਾ ਸਾਡੇ ਨਾਲ ਸੀਰੀ ਹੁੰਦਾ ਸੀ। ਮੈਥੋਂ ਸਾਲ ਛੀ ਮਹੀਨੇ ਵੱਡਾ ਹੋਣਾਂ। ਦੋ ਕੁ ਸਾਲ ਪਹਿਲਾਂ ਹੀ ਪੂਰਾ ਹੋਇਆ, ਸਾਰੀ ਉਮਰ ਸਾਡੇ ਨਾਲ ਹੀ ਰਿਹਾ। ਵੀਹ ਕੁ ਸਾਲ ਦੀ ਉਮਰ ਚ, ਹਾੜ ਮਹੀਨੇ ਘੁੱਦੇ ਦਾ ਵਿਆਹ ਹੋ ਗਿਆ। ਘੁੱਦੇ ਹੋਣੀ ਪੰਜ ਭੈਣ ਭਰਾ, ਮਾਂ ਪਿਉ ਤੇ ਨਵੀਂ ਵਿਆਹੀ ਨਾਲ ਅੱਠ ਜਣੇ ਹੋ ਗਏ। ਦੋ ਕੁ ਵਿਸਵੇ ਥਾਂ ਚ ਇਕ ਕੱਚਾ ਕੋਠਾ। ਵੱਡੇ ਪ੍ਰਵਾਰ ਵਿੱਚ ਨਵੀਂ ਵਿਆਹੀ ਜੋੜੀ ਨੂੰ ਮਿਲਣ ਗਿਲਣ ਦਾ ਮੌਕਾ ਮਿਲਣਾ ਕਿਹੜਾ ਸੌਖਾ ਸੀ। ਦੋ ਕੁ ਮਹੀਨੇ ਤਾਂ ਘੁੱਧੇ ਹੋਣਾ ਔਖੇ ਸੌਖੇ ਲੰਘਾਏ। ਉਹਨਾਂ ਵੇਲਿਆਂ ਚ ਅੱਜ ਵਾਂਗੂੰ ਝੋਨੇ ਨੀ ਸੀ ਹੁੰਦੇ। ਮੱਕੀ, ਕਪਾਹ, ਬਾਜਰਾ, ਗੁਆਰਾ ਤੇ ਜੌਆਂ ਗੰਨਿਆਂ ਦੀ ਫਸ਼ਲ ਹੁੰਦੀ ਸੀ।

ਮੈਂ ਤੇ ਘੁੱਦਾ ਸਵੇਰੇ ਮੱਕੀ ਦੀ ਗੋਡੀ ਕਰਨ ਖੇਤ ਜਾਂਦੇ ਤੇ ਮੇਰੀ ਮਾਂ ਦੁਪਿਹਰ ਦਾ ਭੱਤਾ ਲੈ ਕੇ ਆਉਂਦੀ। ਹੌਲੀ-ਹੌਲੀ ਘੁੱਦੇ ਦੀ ਘਰਵਾਲੀ ਵੀ ਪੱਠਿਆਂ ਦੇ ਬਹਾਨੇ, ਬੇਬੇ ਨਾਲ ਖੇਤ ਆਉਣ ਲੱਗ ਪਈ। ਬੇਬੇ ਤਾਂ ਘਰ ਮੁੜ ਜਾਂਦੀ ਤੇ ਠਾਕਰੀ ਭਾਬੀ ਘੁੱਧੇ ਕੋਲ ਹੀ ਰੁੱਕ ਜਾਂਦੀ। ਮੈਂ ਬੋਰੀ ਵਿਸ਼ਾਕੇ ਬੋਹੜ ਥੱਲੇ ਸੌਂ ਜਾਣਾ ਤੇ ਨਵੀਂ ਵਿਆਹੀ ਜੋੜੀ ਨੇ ਮੱਕੀ ਦੇ ਖੇਤ ਵਿੱਚ ਹੀ ਆਪਣਾ ਅਰਾਮ ਘਰ ਬਣਾ ਲਿਆ ਸੀ। ਜਿੱਥੇ ਉਹ ਦੋ ਤਿੰਨ ਘੰਟੇ ਪਿਆਰ ਮੁਹੱਬਤ ਦੀਆਂ ਬਾਤਾਂ ਪਾਉਂਦੇ। ਭਾਦੋਂ ਮਹੀਨੇ ਦੇ ਤਿੱਖੜ ਦੁਪਿਹਰੇ ਠਾਕਰੀ ਭਾਬੀ ਦੀਆਂ ਝਾਂਜਰਾਂ ਦੇ ਬੋਰ ਦੂਰ ਦੂਰ ਤੱਕ ਸੁਣਾਈ ਦਿੰਦੇ। ਇਥੋਂ ਹੀ ਝਾਂਜਰਾਂ ਵਾਲੀ ਭੂਤ ਦਾ ਕਿੱਸਾ ਘੜਿਆ ਗਿਆ। ਲੋਕਾਂ ਨੇ ਦੂਰ ਦੂਰ ਤੱਕ ਝਾਂਜਰਾਂ ਦੀ ਛਣਕਾਰ ਸੁਣੀ, ਜਾਂ ਕਿਸੇ ਨੇ ਲਾਲ ਕੱਪੜਿਆਂ ਵਿੱਚ ਭਾਬੀ ਵੇਖ ਲਈ ਤੇ ਕਹਾਣੀਆਂ ਬਣ ਗਈਆਂ। ਮੈਂ ਉਰਦੂ ਦੇ ਰਸਾਲੇ ਪੜਦਾ ਹੁੰਦਾ ਸੀ, ਮੈਨੂੰ ਲੋਕਾਂ ਨੇ ਤਾਂਤਰਿਕ ਬਣਾ ਦਿੱਤਾ। ਇਸ ਦੇ ਕੁੱਝ ਫਾਇਦੇ ਹੋਏ ਤੇ ਕੁੱਝ ਨੁਕਸਾਨ, ਫੈਦਾ ਇਹ ਸੀ ਕਿ ਲੋਕਾਂ ਦੇ ਖੇਤਾਂ ਵਿੱਚੋਂ ਸੌ ਸੌ ਚੀਜ਼ਾਂ ਚੋਰੀ ਹੋ ਜਾਂਦੀਆਂ ਪਰ ਸਾਡੇ ਅੱਜ ਤੱਕ ਰੱਤੀ ਭਰ ਵੀ ਚੋਰੀ ਨਹੀਂ ਹੋਈ। ਨੁਕਸਾਨ ਇਹ ਸੀ ਕਿ ਹਾੜ੍ਹੀ ਸਾਉਣੀ ਦਿਹਾੜੀਦਾਰ ਬੜੀ ਮੁਸ਼ਕਿਲ ਨਾਲ ਮਿਲਦੇ। ਹੁਣ ਇਕ ਸੱਚੀ ਪ੍ਰੇਮ ਕਹਾਣੀ ਤੇ ਝੂਠੀ ਭੂਤ ਕਹਾਣੀ ਦਾ, ਮੈਂ ਇੱਕੋ ਇੱਕ ਰਾਜ਼ਦਾਰ ਸੀ। ਲੋਕਾਂ ਨੂੰ ਸੱਚ ਕਿਵੇਂ ਦੱਸਦਾ? ਪਹਿਲੀ ਗੱਲ ਤਾਂ ਅੰਧਵਿਸ਼ਵਾਸੀ ਲੋਕਾਂ ਨੇ ਸੱਚ ਨੀ ਸੀ ਮੰਨਣਾ, ਜੇ ਮੰਨ ਵੀ ਜਾਂਦੇ ਤਾਂ ਉਸ ਗਰੀਬ ਦੀ ਮਜ਼ਬੂਰੀ ਤੇ ਪਾਕ ਮੁਹੱਬਤ ਦਾ ਪਿੰਡ ਵਾਲਿਆਂ ਮਜ਼ਾਕ ਬਣਾ ਦੇਣਾਂ ਸੀ। ਇਸੇ ਕਰਕੇ ਆਪਾਂ ਇੱਕ ਚੁੱਪ ਤੇ ਸੌ ਸੁੱਖ ਚ ਹੀ ਭਲਾ ਸਮਝਿਆ।

# ਗਿੱਧੇ, ਭੰਗੜੇ ਤੇ ਜੈਜ਼ੀ ਬੀ ਦੇ ਗੀਤਾਂ ਨਾਲ ਖ਼ੂਬ ਛਣਕੀ 'ਝਾਂਜਰ ਦੀ ਛਣਕਾਰ'
















**ਮਿਲਪੀਟਸ (ਬਿਓਰੋ)-** ਇੱਥੇ ਇੰਡੀਅਨ ਕਮਿਉਨਿਟੀ ਸੈਂਟਰ ਵਿਖੇ ਸੈਨਹੋਜ਼ੇ ਹੈਰੀਟੇਜ ਕਲੱਬ, ਜੀ.ਬੀ. ਐਂਟਰਟੇਨਮੈਂਟ, ਇੱਕੀ ਇੰਟਰਨੈਸ਼ਨਲ, ਪੰਜਾਬ ਲੋਕ ਰੰਗ, ਗੁਰੂ ਬ੍ਰਦਰਜ਼ ਅਤੇ ਲੱਕੀ ਪੂਨੀਆਂ ਦੇ ਸਹਿਯੋਗ ਨਾਲ ਕੈਲੀਫੋਰਨੀਆਂ ਵਿਚ ਤੀਆਂ ਦੇ ਤਿਓਹਾਰ ਮਨਾਉਣ ਵਿਚ ਮੋਢੀ ਕਰਕੇ ਜਾਣੀ ਜਾਂਦੀ ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ 'ਝਾਂਜਰ ਦੀ ਛਣਕਾਰ' ਵਿਸ਼ੇਸ਼ ਪ੍ਰੋਗਰਾਮ ਤੀਆਂ ਨੂੰ ਸਮਰਪਿਤ ਹੋ ਕੇ ਮਨਾਇਆ ਗਿਆ। ਪ੍ਰੋਗਰਾਮ ਦੇ ਰੰਗ ਦੇਖੋ, ਸਾਢੇ 7 ਸੌ ਦੇ ਕਰੀਬ ਬੀਬੀਆਂ ਰੰਗ ਬਰੰਗੇ ਪਹਿਰਾਵਿਆਂ ਵਿਚ ਕੁੜੀਆਂ, ਚਿੜੀਆਂ ਮੁਟਿਆਰਾਂ ਤੇ ਔਰਤਾਂ ਪੁੱਜੀਆਂ, 13 ਸਾਲ ਦੀਆਂ ਬੱਚੀਆਂ ਵੀ ਤੇ 80 ਸਾਲ ਤੋਂ ਵੱਧ ਉਮਰ ਦੀਆਂ ਬੀਬੀਆਂ ਵੀ। ਪਾਲਿਕਾ ਬਜ਼ਾਰ ਵਰਗਾ ਖਰੀਦੋ ਫਰੋਖਤ ਦਾ ਬਾਜ਼ਾਰ ਸਜਿਆ। ਮਨਪਸੰਦ ਦੇ ਗੋਲਗੱਪ ਵੀ ਖ਼ੂਬ ਖਾਧੇ ਗਏ ਅਤੇ ਟਿੱਕੀ ਛੋਲੇ ਵੀ। ਅਸਲ 'ਚ ਕਰੀਬ ਛੇ ਘੰਟੇ ਇਸ ਚੱਲੇ ਪ੍ਰੋਗਰਾਮ ਵਿਚ ਹਰ ਪਲ ਚਾਅ, ਨੱਚਣ, ਟੱਪਣ, ਗਾਉਣ ਤੇ ਚਿਹਰਿਆਂ ਤੇ ਰੌਣਕਾਂ ਬਣਾਈ ਰੱਖਣ ਵਾਲਾ ਬਣਿਆ। ਛੋਟੀਆਂ ਬੱਚੀਆਂ 'ਫੁੱਲ ਕਲੀਆਂ' ਦੇ ਗਿੱਧੇ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਮਹਿਕ ਸੰਧੂ ਤੇ ਯੋਗਤਾ ਦਾ ਭੰਗੜਾ, ਪੰਜਾਬੀ ਧੜਕਣ ਅਕੈਡਮੀ ਦੀਆਂ ਛੋਟੀਆਂ ਬੱਚੀਆਂ ਦੀ ਬਹੁਤ ਪਿਆਰੀ ਪੇਸ਼ਕਾਰੀ ਤੋਂ ਸਿਵਾ ਡਿੰਪਲ ਬੈਂਸ ਦੀ ਅਗਵਾਈ ਹੇਠ ਪੇਸ਼ ਗਿੱਧਾ ਤੇ ਡਾਂਸ ਆਈਟਮਾਂ ਬੇਹੱਦ ਸਲਾਹੀਆਂ ਗਈਆਂ। 'ਰੂਹ ਐਂਡ ਰਾਜੀਤ' ਦੀ ਪੇਸ਼ਕਾਰੀ ਕੁਲਵੰਤ ਕੌਰ ਚਾਹਲ ਦਾ 'ਚਰਖਾ ਚੰਨਣ' ਦਾ ਤੋਂ ਬਾਅਦ ਪੰਜਾਬ ਦੇ ਰਵਾਇਤੀ ਲੋਕ ਨਾਚਾਂ ਤੋਂ ਸਿਵਾ ਗੀਤ ਸੰਗੀਤ ਦਾ ਭਰ ਵਗਦਾ ਦਰਿਆ ਸੁਤੰਤਰ ਜ਼ਿੰਦਗੀ ਦੀ ਮੌਜ ਮਾਣ ਰਹੀਆਂ ਔਰਤਾਂ ਨੂੰ ਭਰਵਾਂ ਮਨੋਰੰਜਨ ਦੇ ਕੇ ਗਿਆ। ਰੂਬੀ ਨਾਜ਼ ਦੀ ਰਹਿਨੁਮਾਈ ਹੇਠ ਪੰਜਾਬਣਾਂ ਦੇ ਪਹਿਰਾਵੇ ਦਾ ਮੁਕਾਬਲਾ ਚੰਗੇ ਸੁੰਦਰਤਾ ਮੁਕਾਬਲੇ ਵਰਗਾ ਸੀ ਜਿਸ ਨਾਲ ਭਰਪੂਰ ਮਨੋਰੰਜਨ ਅਤੇ ਹਾਸਾ ਠੱਠਾ ਹੁੰਦਾ ਰਿਹਾ। ਝੁਮਕੇ, ਪੰਜਾਬੀ ਜੁੱਤੀ ਅਤੇ ਸੂਟ ਇਨਾਮ 'ਚ ਦਿੱਤੇ ਗਏ। ਕੁਝ ਰੈਫਲ ਪ੍ਰਾਈਜ਼ ਕੱਢੇ ਗਏ ਜੋ ਖਿੱਚ ਦਾ ਕੇਂਦਰ ਬਣੇ ਰਹੇ। ਖਾਸ ਤੌਰ 'ਤੇ ਡਾਇਮੰਡ ਰਿੰਗ ਪ੍ਰਤੀ ਬੇਹੱਦ ਆਕਰਸ਼ਣ ਸੀ। ਪ੍ਰੋਗਰਾਮ ਦੀ ਪ੍ਰਮੁੱਖ ਪੇਸ਼ਕਾਰੀ ਭੰਗੜਾ ਕਿੰਗ ਤੇ ਗਾਇਕ ਜੈਜ਼ੀ ਬੀ. ਦੇ ਨਾਮ ਸੀ। 'ਲੈ ਕੇ ਕਲਗੀਧਰ ਤੋਂ ਥਾਪੜਾ', 'ਹੋਇਆ ਕੀ ਜੇ ਧੀ ਜੰਮ ਪਈ', 'ਨਾਗ ਸਾਂਭ ਲੈ ਜ਼ੁਲਫਾਂ ਦੇ', ਅਨੇਕਾਂ ਆਪਣੇ ਦਰਜ਼ਨਾਂ ਹਿੱਟ ਗੀਤਾਂ ਨਾਲ ਪੰਜਾਬਣਾਂ ਨੂੰ ਪੰਜਾਬ ਚੇਤੇ ਕਰਵਾ ਦਿੱਤਾ।

ਖ਼ੂਬ ਨੱਚਣ ਟੱਪਣ ਅਤੇ ਗਿੱਧੇ ਦੀ ਧਮਕ ਪੈਂਦੀ ਰਹੀ ਸਟੇਜ ਤੇ ਵੀ ਤੇ ਪੰਡਾਲ ਵਿਚ ਵੀ। ਬੁਲੰਦ ਆਵਾਜ਼ ਦੇ ਮਾਲਕ ਸੱਤੀ ਪਾਬਲਾ ਨੇ 'ਮੁੰਡਿਓ ਆ ਗਈ ਓਏ ਸਿਰ ਤੇ ਗਾਗਰ ਰੱਖੀ' ਤੋਂ ਲੈ ਕੇ ਲਾਈਵ ਬੋਲੀਆਂ ਨਾਲ ਇਸ ਤੀਆਂ ਦੇ ਤਿਓਹਾਰ ਨੂੰ ਹੋਰ ਵੀ ਰੰਗਲਾ ਬਣਾ ਦਿੱਤਾ। ਹਰਦੁੱਮਣ ਸਿੰਘ ਬਿੱਲਾ ਸੰਘੇੜਾ, ਅਟਾਰਨੀ ਮਹਿੰਦਰ ਸਿੰਘ ਮਾਨ, ਇੰਦਰਜੀਤ ਸਿੰਘ ਥਿੰਦ, ਰਾਜ ਭਨੋਟ, ਐੱਸ.ਅਸ਼ੋਕ. ਭੌਰਾ, ਪੰਕਜ ਆਂਸਲ ਤੇ ਹੋਰ ਸਖਸ਼ੀਅਤਾਂ ਵਲੋਂ ਕੁਝ ਪਲਾਂ ਲਈ ਇਸ ਪ੍ਰੋਗਰਾਮ ਦੇ ਵਿਚ ਜੈਜ਼ੀ ਬੀ. ਨੂੰ ਸਨਮਾਨਿਤ ਕਰਨ ਲਈ ਸ਼ਿਕਰਤ ਕੀਤੀ ਗਈ। ਉਪਰੰਤ ਇਹ ਪ੍ਰੋਗਰਾਮ ਫਿਰ ਬੀਬੀਆਂ ਦੇ ਹਵਾਲੇ ਕਰ ਦਿੱਤਾ ਗਿਆ।

ਬਲਵੀਰ ਕੌਰ ਚਾਹਲ, ਜੱਸੀ ਕੌਰ, ਸੋਨੀਆ ਚੇੜਾ, ਟੀਨਾ ਭਨੋਟ, ਰੂਬੀ ਨਾਜ਼, ਜਸਵਿੰਦਰ ਧਨੋਆ, ਐਸ਼ ਸਿੰਘ, ਜੱਸ ਸਰਾਂ, ਪਿੰਕੀ ਸੰਧੂ, ਕਸ਼ਮੀਰ ਭੌਰਾ, ਪ੍ਰੀਤ ਜਾਡਲਾ, ਜਸਪ੍ਰੀਤ ਬਾਗਲਾ, ਜਸਜੀਤ ਕੌਰ ਆਦਿ ਭੂਆ ਛੀਨਾ ਨਾਲ ਇਨ੍ਹਾਂ ਤੀਆਂ ਨੂੰ ਸਫਲ ਬਣਾਉਣ ਲਈ ਇਕ ਵਧੀਆ ਟੀਮ ਵਜੋਂ ਕੰਮ ਕੀਤਾ।

ਫੋਟੋ ਬੂਥ, ਮਹਿੰਦੀ ਤੇ ਹੋਰ ਬੜਾ ਕੁਝ ਸੱਚੀਂ ਮੁੱਚੀਂ ਹੀ ਇਸ ਪ੍ਰੋਗਰਾਮ ਵਿਚ ਪੰਜਾਬ ਵਿਚ ਲੱਗੀਆਂ ਤੀਆਂ ਵਰਗਾ ਸੀ। ਭੂਆ ਗੁਰਮੀਤ ਕੌਰ ਛੀਨਾ ਦਾ ਇਹ ਯਤਨ ਸਫਲ ਸੀ ਤੇ ਸ਼ਾਇਦ ਪਹਿਲੀ ਵਾਰ ਸੀ ਕਿ ਤੀਆਂ ਨੂੰ ਇਸ ਤਰ੍ਹਾਂ ਵੱਡੇ ਪੱਧਰ 'ਤੇ ਮਨਾਉਣ ਦਾ ਉਪਰਾਲਾ ਭੂਆ ਛੀਨਾ ਹੀ ਕਰ ਸਕਦੀ ਸੀ। ਪ੍ਰੋਗਰਾਮ ਦਾ ਸੰਚਾਲਨ ਸ਼ਕਤੀ ਮਾਣਕ ਨੇ ਕੀਤਾ ਜਦਕਿ ਜਗਦੇਵ ਭੰਡਾਲ ਵਲੋਂ ਇਸ ਪ੍ਰੋਗਰਾਮ ਨੂੰ ਗਰਵ ਟੀ.ਵੀ. ਲਈ ਰਿਕਾਰਡ ਕੀਤਾ ਗਿਆ। ਢਲਦੇ ਸੂਰਜ ਨਾਲ ਹੀ ਗਿੱਧੇ ਦੀ ਧਮਕ ਮੱਠੀ ਪੈ ਸਕੀ ਸੀ। ਦਿਲਬਾਗ ਸਰ੍ਹਾਂ, ਅਨਮੋਲ ਭੌਰਾ, ਲੱਕੀ, ਮਨਵੀਰ ਤੇ ਇੰਦਰਜੀਤ ਨੇ ਪਰਦੇ ਪਿੱਛੇ ਰਹਿ ਕੇ ਇਸ ਪ੍ਰੋਗਰਾਮ ਨੂੰ ਸਫਲਤਾ ਦਾ ਸਿਖਰ ਦਿੱਤਾ।

# ਇੱਕ ਧੀ ਦੇਈਂ ਰੱਬਾ

ਇੱਕ ਧੀ ਦੇਈਂ ਰੱਬਾ ਤੂੰ ਦਾਤਾ ਦਾਤਾਰ
ਦੁਨੀਆਂ ਜਾਹੇ ਕੁੱਝ ਵੀ ਮੰਗੇ ਮੰਗਾਂ ਮੈਂ ਦੇਵੀ ਸਾਕਾਰ
ਸਾਰਿਆਂ ਤੋਂ ਛੁਪਾ ਕੇ ਰੱਖੂ ਰੱਜ ਰੱਜ ਕਰੂੰ ਪਿਆਰ
ਇਹੀ ਤਾਂ ਹੈ ਜੋਸ ਜੰਮੇ ਤੇ ਪਾਲੇ ਸਾਰਾ ਸੰਸਾਰ
ਵਾਂਗ ਮੁੰਡਿਆਂ ਉਸਨੂੰ ਪੜਾਈ ਕਰਾਵਾਂਗਾ
ਲੋੜ ਨਹੀਂ ਪਵੇਗੀ ਫਿਰ ਪੂਜਣ ਦੀ ਦੇਵੀ ਨਿਰਾਕਾਰ
ਬਹੁਤਾ ਲਾਡ ਦੇ ਕੇ ਕਰੂੰਗਾ ਉਸ ਤੇ ਇਤਬਾਰ
ਪਰਾਈ ਹੈ ਇਸ ਕਹਾਵਤ ਨੂੰ ਕਰੂੰਗਾ ਦਰਕਿਨਾਰ
ਪੈਰਾਂ ਤੇ ਖੜ੍ਹੀ ਕਰਕੇ ਬਣਾਊਗਾ ਚੰਡੀ ਅਵਤਾਰ
ਮੁੰਡਾ ਮਿਲ ਜਾਵੇ ਤਾਂ ਸਮਝੋ ਰੱਬ ਦੀ ਮਰਜੀ
ਕੁੜੀ ਮਿਲੇ ਤਾਂ ਸਮਝੋ ਰੱਬ ਦਾ ਚਮਤਕਾਰ
ਜੋਸ ਘਰ ਵਿੱਚ ਧੀ ਆਉਣ ਤੇ ਖੁਸੀ ਮਨਾਵੇ
ਉਥੇ ਆਪਣੇ ਆਪ ਆ ਜਾਂਦੇ ਨੇ ਸੰਸਕਾਰ
ਇੱਕ ਧੀ ਦੇਵੀਂ ਰੱਬਾ ਤੂੰ ਦਾਤਾ ਦਾਤਾਰ

**– ਸੰਜੇ ਕੁਮਾਰ ਨਾਭਾ**
91-95010-21184

# ਪਾਣੀ

ਪਾਣੀ ਜਦੋਂ ਦਾ ਬੋਤਲ 'ਚ ਬੰਦ ਹੋ ਗਿਆ।
ਮਨੁੱਖ ਦਾ ਉਦੋਂ ਤੋਂ ਹੀ ਜੀਉਣਾ ਤੰਗ ਹੋ ਗਿਆ।
ਕਰਦਾ ਸੀ ਮਾਣ ਜੋ ਆਪਣੇ ਗਿਆਨ ਦਾ,
ਅੱਜ ਥਾਂ-ਥਾਂ ਸੂਲੀ ਉੱਤੇ ਟੰਗ ਹੋ ਗਿਆ।
ਪਾਣੀ ਤਾਂ ਕੁਦਰਤ ਦੀ ਦਾਤ ਸੀ ਬੱਲਿਆ,
ਇਹ ਮੁੱਕਿਆ ਹੈ ਜਿਵੇਂ ਹੱਥੋਂ ਪਤੰਗ ਛੱਡ ਹੋ ਗਿਆ।
ਸਾਂਭਿਆ ਨਾ ਪਾਣੀ ਅਸੀਂ ਧਰਤੀ ਦੇ ਸੀਨੇ ਦਾ,
ਮਨੁੱਖ ਚੰਦਰਮਾ 'ਤੇ ਲੱਭ ਪਾਣੀ ਪ੍ਰਸੰਨ ਹੋ ਗਿਆ।
ਬਿਨ ਪਾਣੀ ਰੁੱਲ ਰਹੇ ਧਰਤੀ ਦੇ ਜੀਵ ਸਾਰੇ,
ਹੁਣ ਜਿਉਣਾ ਸਾਡਾ ਬਿਨਾਂ ਪਾਣੀ ਕੱਲ੍ਹ ਹੋ ਗਿਆ।
ਕਰੋ ਕੋਈ ਉਪਾਅ ਸਾਹ ਬਚੇ ਰਹਿਣ ਸਾਡੇ ਲੋਕੋ,
ਨਹੀਂ ਤਾਂ ਧਰਤੀ 'ਤੇ ਖੇਡ ਮਨੁੱਖ ਦਾ ਖਤਮ ਹੋ ਗਿਆ।
ਕਿਸੇ ਨਹੀਂ ਸੁਣਨੀ ਪੁਕਾਰ ਹੁਣ ਸਾਡੀ ਲੋਕੋ,
ਕਿਉਂਕਿ ਧਰਮ ਤੇ ਕਰਮ ਮਨੁੱਖ ਲਈ ਪਖੰਡ ਹੋ ਗਿਆ।
ਬਚ ਜਾਉ ਧਰਤੀ ਤੇ ਮਨੁੱਖ ਵੀ ਆਪੇ ਉਦੋਂ,
ਜਦ ਪੌਦੇ ਲਾਉਣਾ ਹਰ ਕਿਸੇ ਦਾ ਧਰਮ ਹੋ ਗਿਆ।



ਫਿਰ ਨਹੀਂ ਕੋਈ ਤਰਸੇਗਾ ਪਾਣੀ
ਦੀ ਬੂੰਦ ਨੂੰ,
ਜੇ 'ਬਿੰਦ' ਵਾਂਗ ਹਰ ਕੋਈ ਪੌਦੇ
ਲਾਉਣ 'ਚ ਸਰਗਰਮ ਹੋ ਗਿਆ।

**– ਪ੍ਰਵੀਨ ਕੁਮਾਰ ਬਿੰਦ**
91-98154 60451

## ਕਾਵਿ ਵਿਅੰਗ

# ਹਾਰ ਨਹੀ ਹੌਸਲਾ ਜ਼ਿੰਦਾਬਾਦ!

ਪੱਲੇ ਬੰਨ੍ਹੀਏਂ ਕਿਹਾ ਸਿਆਣਿਆਂ ਦਾ
ਚਾਦਰ ਦੇਖ ਕੇ ਪੈਰ ਪਸਾਰੀਏ ਜੀ ।
ਪਈਆਂ ਖੋਟੀਆਂ ਆਦਤਾਂ ਮਾਰ ਦੇਈਏ
ਕਾਹਤੋਂ ਆਪਣੇ ਆਪ ਨੂੰ ਮਾਰੀਏ ਜੀ ।
ਲੈਣੇ ਕਾਸਨੂੰ ਅੱਡੀਆਂ ਚੱਕ ਫਾਹੇ
ਨਾ.ਲ ਸਬਰ ਸੰਤੋਖ ਦੇ ਸਾਰੀਏ ਜੀ।
ਚੜ੍ਹਦੀ ਕਲਾ ਦੇ ਪੁਰਖਿਆਂ ਗੀਤ ਗਾਏ
ਵਿਰਸਾ ਆਪਣਾ ਜ਼ਰਾ ਨਿਹਾਰੀਏ ਜੀ।
ਕਰਕੇ ਯਾਦ ਮਾਂ-ਬਾਪ ਦੀ ਘਾਲਣਾ ਨੂੰ
ਢਹਿੰਦੀ ਕਲਾ ਨੂੰ ਦਿਲੋਂ ਨਕਾਰੀਏ ਜੀ।
ਵਿਹਲੜ ਪੁਣਾ ਸਰਕਾਰਾਂ ਦੀ ਝਾਕ ਛੱਡੋ
ਆਪਣ ਹੱਥੀਂ ਹੀ 'ਕਾਜ ਸਵਾਰੀਏ' ਜੀ।



**-ਤਰਲੋਚਨ ਸਿੰਘ**
**'ਦੁਪਾਲ ਪੁਰ'**
001-408-915-1268

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਭਾਈ ਤਾਰੂ ਸਿੰਘ ਜੀ

ਸਿੱਖੀ ਸਿਦਕ ਨਿਭਾਇਆ,
ਸਿੰਘ ਤਾਰੂ ਨੇ।
ਧਰਮ ਕੇਸਾਂ ਸਵਾਸਾਂ ਸੰਗ,
ਨਿਭਾਇਆ ਸਿੰਘ ਤਾਰੂ ਨੇ।
ਪਿੰਡ ਪੂਹਲੇ ਦਾ ਰਾਜ ਦੁਲਾਰਾ,
ਮਾਂ ਦੀ ਅੱਖ ਦਾ ਤਾਰਾ,
ਭੈਣ ਦਾ ਵੀਰ ਪਿਆਰਾ
ਧਰਮੀਆਂ ਦਾ ਵੱਡਾ ਸਹਾਰਾ।
ਸੇਵਾ-ਭਾਵ ਨਿਭਾਇਆ,
ਸਿੰਘ ਤਾਰੂ ਨੇ।
ਹਾਕਮਾਂ ਤੋਂ ਜਰਿਆ ਨਾ ਗਿਆ।
ਡਾਹਢਾ ਵੈਰ ਕਮਾਇਆ,
ਸਮੇਂ ਦੀਆਂ ਸਰਕਾਰਾਂ ਨੇ।
ਧਰਮ ਤੋਂ ਨਾ ਥਿੜਕਿਆ,
ਹਰ ਜ਼ੁਲਮ ਸਿਹਾ ਸਿੰਘ ਤਾਰੂ ਨੇ।
ਕੇਸਾਂ ਸੰਗ ਖੋਪਰ ਲੁਹਾਇਆ,
ਸਿੰਘ ਤਾਰੂ ਨੇ।
ਸਿੱਖੀ ਸਿਦਕ ਨਾ ਛੱਡਿਆ,
ਸਿੰਘ ਤਾਰੂ ਨੇ।
ਜ਼ਾਲਮ ਬਚ ਨਾ ਸਕਿਆ,
ਪਹਿਲਾਂ ਮੋਇਆ,
ਸਿੰਘ ਤਾਰੂ ਦੇ।
ਜ਼ਾਲਮ ਮੁੱਕਿਆ ਤਦ ਹੀ
ਸ਼ਹੀਦੀ ਜਾਮ ਪੀਤਾ,
ਸਿੰਘ ਤਾਰੂ ਨੇ।
ਸਿੱਖੀ ਰਹੇ ਮੇਰੀ ਅਬਾਦ
ਕਿਹਾ ਸਿੰਘ ਤਾਰੂ ਨੇ
ਕੌਮ ਕਰੇਗੀ ਹਮੇਸ਼ਾ ਤਾਣ,
ਸਿੰਘ ਤਾਰੂ ਨੇ।



**– ਪ੍ਰਮਿੰਦਰ ਸਿੰਘ**
**'ਪ੍ਰਵਾਨਾ'**
510-781-0487

# ਆਓ ਬਚਾਈਏ ਪਾਣੀ ਨੂੰ

ਆਓ ਬਚਾਈਏ ਪਾਣੀ ਨੂੰ
ਆਪਣੀ ਇਸ ਜਿਦਗਾਨੀ ਨੂੰ

ਵਿਤੋ ਬਾਹਰ ਜੇ ਖਰਚਾਗੇ
ਪਾਣੀ ਨੂੰ ਅਸੀ ਤਰਸਾਗੇ

ਵੇਲਾ ਅਸੀ ਗਵਾ ਲੈਣਾ
ਪੱਲੇ ਕੁਝ ਵੀ ਨਾ ਰਹਿਣਾ

ਜਲ "ਐਫ ਡੀ" ਕਰਵਾ ਲਈਏ
ਅਪਨੀ ਉਮਰ ਵਧਾ ਲਈਏ

ਹਿੱਸਾ ਪਾਈਏ ਵਿੱਤ ਅਨੁਸਾਰ
ਯਾਦ ਰੱਖੇ ਸਾਨੂੰ ਸੰਸਾਰ

ਖਤਮ ਕਰ ਲਿਆ ਜੇ ਪਾਣੀ
"ਉਦੇ" ਨਾ ਬਚਨੀ ਜਿਦਗਾਨੀ

ਆਓ ਬਚਾਈਏ ਪਾਣੀ ਨੂੰ
ਆਪਣੀ ਇਸ ਜਿਦਗਾਨੀ ਨੂੰ

**– ਉਦੇ ਰਣਦੇਵ**
919878670658

# ਰੁੱਖ ਲਗਾਓ

ਗਰਮੀ ਨੇ ਕੱਢ ਰੱਖੇ ਵੱਟ,
ਬੱਦਲਾਂ ਨੂੰ ਸਭ ਰਹੇ ਤੱਕ।
ਬਿਨ ਕੰਮ ਤੋਂ ਆਏ ਪਸੀਨਾ,
ਕਿਵੇਂ ਲੰਘੂ ਜੁਲਾਈ ਮਹੀਨਾ?
ਤਾਪਮਾਨ ਹੋ ਚੁੱਕਿਐ ਪੰਜ਼ਾਹ,
ਬਚਣ ਲਈ ਨਾ ਲੱਭੇ ਰਾਹ।
ਕੂਲਰ, ਪੱਖੇ ਹੋ ਗਏ ਫੇਲ,
ਘਰ ਵੀ ਜਾਪਦਾ ਵਾਂਗੂ ਜੇਲ।
ਚਿੰਤਾ ਵਿੱਚ ਡੁੱਬੇ ਕਿਸਾਨ,
ਫਸਲਾਂ ਦੀ ਜੋ ਨਿਕਲੇ ਜਾਨ।
ਗਰਮੀ ਤੋਂ ਔਖੇ ਹੋਏ ਡੰਗਰ,
ਮੀਂਹ ਲਈ ਚੱਲ ਪਏ ਲੰਗਰ।
ਖਾਣਾ ਪੀਣਾ ਨਾ ਲੱਗੇ ਚੰਗਾ,
ਪਹੁੰਚਿਆ ਛੱਤ ਉੱਤੇ ਮੰਜਾ।
ਆਊਂ ਭਲਾ ਕਿੱਥੋਂ ਹਵਾ ਠੰਡੀ ?
ਰੁੱਖਾਂ ਦੀ ਤਾਂ ਲਾ ਦਿੱਤੀ ਮੰਡੀ।



'ਚਮਨ' ਸਮੇਂ ਦਾ ਕਰੋ ਵਿਚਾਰ,
ਰੁੱਖਾਂ ਬਿਨ੍ਹਾਂ ਅਸੰਭਵ ਸੰਸਾਰ।

**– ਚਮਨਦੀਪ ਸ਼ਰਮਾ**
91-95010 33005



# ਦੋ ਦਿਨ ਦਾ ਮੇਲਾ

ਇਹ ਦੁਨੀਆਂ ਹੈ ਦੋ ਦਿਨ ਦਾ ਮੇਲਾ
ਆਖਰ ਇੱਕ ਦਿਨਜਾਣਾ ਸਭ ਨੇ ਇੱਕਲਾ
ਕਿਉਂ ਕਰਰਿਹਾ ਹੈ ਖੁਸ਼ੀਆਂ ਦਾ ਇੰਤਜਾਰ
ਬਣ ਜਾ ਆਪਣੀ ਕਿਸਮਤ ਦਾ ਸ਼ਿਲਪਕਾਰ
ਕਦੇ ਨਾ ਦੇਖੀਂ ਤੂੰ ਆਪਣਾਹੀ ਸਵਾਰਥ
ਪਰਮਾਰਥ ਦੇ ਰਾਹ ਤੇ ਚੱਲਣਲਈ
ਤੈਨੂੰ ਕਰ ਨਾਹੀ ਪਵੇਗਾ ਪੁਰਸ਼ਾਰਥ
ਫਾਨੀ ਜਿੰਦਗੀ ਦਾ ਨਾ ਕਰੀਂਹੰਕਾਰ
ਸਦਾਕਰੀਂ ਕਰਮ ਤੂੰ ਜੋ ਹੋਣਚੰਗੇ
'ਦਲ ਦੁਖਾਉਣ ਲਈ ਨਾ ਬੋਲੀਂਬੋਲਮੰਦੇ
ਰੱਖੀਂ ਨੇਕੀ ਨੂੰ ਜੀਵਨਵਿੱਚਬਰਕਰਾਰ
ਆਪਣਿਆਂ ਦੀ ਖਾਤਰ ਨਾ ਵੇਚੀ ਤੂੰ ਜ਼ਮੀਰ
ਸਭ ਕੁੱਝ ਰਹਿਜਾਣਾ ਦੇਖੀਂ ਮੇਰੇ ਵੀਰ
ਆਖਰਨਿਬੇੜਾਹੋਵੇਗਾਰੱਬ ਦੇ ਦਰਬਾਰ
ਜੋ ਆਇਆ ਹੈ ਦੁਨੀਆ ਤੇ ਸੋ ਜਾਵੇਗਾ
ਦੇਖੀਹੋਣੀਤੋਂਕੋਈ ਨਾ ਬਚਪਾਵੇਗਾ
ਦੋ ਦਿਨ ਦਾ ਮੇਲਾ ਝੂਠਾ ਹੈ ਇਹ ਸੰਸਾਰ



**– ਸੰਜੇ ਕੁਮਾਰ ਨਾਭਾ**
91-95010-21184

## ਰੱਖੜੀ 'ਤੇ ਵਿਸ਼ੇਸ

# ਭੈਣ-ਭਰਾ ਦਾ ਤਿਉਹਾਰ ਰੱਖੜੀ

ਰੱਖੜੀ ਦਾ ਤਿਉਹਾਰ ਪੁਰਾਣੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਰੱਖੜੀ ਭੈਣ ਭਰਾ ਦੇ ਪਿਆਰ ਦਾ ਤਿਉਹਾਰ ਹੈ। ਮੁੱਖ ਤੌਰ ਤੇ ਇਹ ਹਿੰਦੂਆਂ ਦਾ ਤਿਉਹਾਰ ਹੈ ਪਰੰਤੂ ਸਾਰੇ ਧਰਮਾਂ ਦੇ ਲੋਕ ਇਸ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਇਹ ਤਿਉਹਾਰ ਅਗਸਤ ਮਹੀਨੇ ਵਿੱਚ ਆਉਂਦਾ ਹੈ। ਇਹ ਤਿਉਹਾਰ ਭੈਣ-ਭਰਾ ਦੇ ਅਟੁੱਟ ਬੰਧਨ ਦਾ ਪ੍ਰਤੀਕ ਹੈ। ਹਰ ਇੱਕ ਭੈਣ ਨੂੰ ਇਸ ਦਿਨ ਦਾ ਬੇਸਬਰੀ ਨਾਲ ਇੰਤਜਾਰ ਹੁੰਦਾ ਹੈ ਕਿ ਕਦੋਂ ਰੱਖੜੀ ਦਾ ਤਿਉਹਾਰ ਆਵੇ ਤੇ ਉਹ ਆਪਣੇ ਵੀਰ ਦੇ ਰੱਖੜੀ ਬੰਨੇ। ਰੱਖੜੀ ਭੈਣ ਵਲੋਂ ਆਪਣੇ ਵੀਰ ਨੂੰ ਸੱਜੀ ਬਾਂਹ ਜਾਂ ਗੁੱਟ ਤੇ ਧਾਗਾ ਜਾਂ ਰੱਖੜੀ ਬੰਨ ਕੇ ਮੱਥੇ ਟਿੱਕਾ ਲਗਾ ਕੇ ਫਿਰ ਮੂੰਹ ਮਿੱਠਾ ਕਰਾ ਕੇ, ਸ਼ਗਨ ਪੂਰਾ ਕਰਦੀ ਹੈ ਤੇ ਆਪਣੇ ਵੀਰ ਕੋਲੋਂ ਆਪਣੀ ਸੁਰੱਖਿਆ ਦਾ ਬਚਨ ਲੈਂਦੀ ਹੈ ਕਿ ਜਦੋਂ ਵੀ ਭੈਣ ਤੇ ਵੀ ਸੰਕਟ ਆਵੇ ਤਾਂ ਉਸਦਾ ਵੀਰ ਉਸਦੀ ਮਦਦ ਲਈ ਤਤਪਰ ਹੋਵੇ।

ਉਂਝ ਤਾਂ ਸਾਡੇ ਸਮਾਜ ਵਿੱਚ ਭਰਾ ਆਪਣੀ ਭੈਣ ਲਈ ਹਰ ਸਮੇਂ ਮਦਦ ਲਈ ਅੱਗੇ ਆਉਂਦਾ ਹੈ ਜੋ ਕਿ ਭੈਣ ਭਰਾ ਦੇ ਪਿਆਰ ਨੂੰ ਹੋਰ ਜਿਆਦਾ ਮਜ਼ਬੂਤ ਬਣਾਉਂਦਾ ਹੈ।

ਇਹ ਤਿਉਹਾਰ ਸਕੀ ਭੈਣ ਤੋਂ ਇਲਾਵਾ ਧਰਮ ਦੀ ਭੈਣ ਬਣਾ ਕੇ ਵੀ ਨਿਭਾਇਆ ਜਾ ਰਿਹਾ ਹੈ। ਜਿਹਨਾਂ ਵੀਰਾਂ ਦੀਆਂ ਭੈਣਾਂ ਨਹੀਂ ਹੁੰਦੀਆਂ ਉਹ ਧਰਮ ਦੀਆਂ ਭੈਣਾਂ ਤੋਂ ਰੱਖੜੀ ਬਨਾ ਕੇ ਆਪਣੇ ਭੈਣ ਭਰਾ ਦੇ ਰਿਸ਼ਤੇ ਹੋਰ ਗੂੜ੍ਹਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਧਰਮ ਦੀ ਭੈਣ ਤੋਂ ਰੱਖੜੀ ਬਨਾ ਕੇ ਸਾਡੇ ਸਮਾਜ ਅੰਦਰ ਜੋ ਜਾਤ -ਪਾਤ, ਭੇਦ ਭਾਵ ਦੀ ਭਾਵਨਾ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਤਿਉਹਾਰ ਨੂੰ ਮਨਾਉਣ ਦੀ ਖੁਸ਼ੀ ਇੱਕ ਦੋ ਮਹੀਨੇ ਪਹਿਲਾਂ ਮਾਰਕੀਟਾਂ ਵਿੱਚ ਦਿਖਾਈ ਦੇਣ ਲੱਗ ਜਾਂਦੀ ਹੈ। ਜਿਹਨਾਂ ਭੈਣਾਂ ਦੇ ਵੀਰ ਪ੍ਰਦੇਸੀ ਹੁੰਦੇ ਹਨ ਉਹ ਭੈਣਾਂ ਆਪਣੇ ਵੀਰ ਲਈ ਪਹਿਲਾਂ ਹੀ ਰੱਖੜੀ ਭੇਜ ਦਿੰਦੀਆਂ ਹਨ ਤਾਂ ਕਿ ਉਹਨਾਂ ਦੇ ਵੀਰਾਂ ਕੋਲ ਇਹ ਸਹੀ ਵਕਤ ਤੇ ਪਹੁੰਚ ਸਕੇ। ਵੀਰਾਂ ਨੂੰ ਵੀ ਆਪਣੀ ਭੈਣ ਪਾਸੋਂ ਆਈ ਰੱਖੜੀ ਦੀ ਉਡੀਕ ਹੁੰਦੀ ਹੈ। ਉਹ ਪ੍ਰਦੇਸ਼ਾਂ ਵਿੱਚ ਆਪਣੀ ਭੈਣ ਦੀ ਰੱਖੜੀ ਦਾ ਇੰਤਜਾਰ ਕਰਦਾ ਹੈ। ਅੱਜ ਕਲ੍ਹ ਮਾਰਕੀਟ ਵਿੱਚ ਵੱਖ-ਵੱਖ ਕਿਸਮ ਦੀਆਂ ਰੱਖੜੀਆਂ ਆਉਂਦੀਆਂ ਹਨ। ਬੱਚਿਆਂ ਲਈ ਮਨਭਾਉਂਦੀਆਂ ਖੇਡਾਂ ਵਾਲੀਆਂ ਰੱਖੜੀਆਂ ਦੇਖਣ ਨੂੰ ਮਿਲਦੀਆਂ ਹਨ। ਉਹਨਾਂ ਵਿੱਚ ਖਾਸ ਕਿਸਮ ਦਾ ਲੂੰਬਾ ਵੀ ਦਿਖਾਈ ਦਿੰਦਾ ਹੈ। ਉਹ ਲੂੰਬਾ ਭਰਜਾਈ ਲਈ ਲਿਜਾਇਆ ਜਾਂਦਾ ਹੈ। ਭਰਜਾਈ ਇਸ ਨੂੰ ਆ-ਪਣੀਆਂ ਚੂੜੀਆਂ ਨਾਲ ਕਲਾਈ ਵਿੱਚ ਪਾ ਬਹੁਤ ਖੁਸ਼ ਹੁੰਦੀ ਹੈ। ਇਹ ਲਟਕਣ ਦੀ ਤਰ੍ਹਾਂ ਬਾਹਾਂ ਵਿੱਚ ਪਾਇਆ ਦਿਖਾਈ ਦਿੰਦਾ ਹੈ। ਇਸ ਤਿਉਹਾਰ ਦੇ ਦਿਨ ਕੁਝ ਵੀਰ ਰੱਖੜੀ ਦੇ ਤਿਉਹਾਰ ਤੋਂ ਹੁਣ ਵੀ ਵਾਂਝੇ ਰਹਿ ਜਾਂਦੇ ਹਨ।

ਉਹ ਕਿਵੇ, ਭਰੂਣ ਹੱਤਿਆ। ਸਾਡੇ ਸਮਾਜ ਵਿੱਚ ਅੱਜ ਵੀ ਔਰਤ ਨੂੰ ਜਾਂ ਤਾਂ ਕੁਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ ਜਾਂ ਉਸ ਨੂੰ ਪੈਦਾ ਹੁੰਦੇ ਹੀ ਮਾਰ ਦਿੱਤਾ ਜਾਂਦਾ ਹੈ। ਉਸ ਦੇ ਜਿੰਮੇਵਾਰ ਸਾਡਾ ਹੀ ਸਮਾਜ ਹੈ। ਭਰੂਣ ਹੱਤਿਆਂ ਜਿਹਾ ਪਾਪ ਕਰਕੇ ਸਾਡੀਆਂ ਧੀਆਂ ਨੂੰ ਮਾਰਿਆ ਜਾ ਰਿਹਾ ਹੈ। ਆਓ ਇਸ ਪਾਪ ਦੇ ਭਾਗੀਦਾਰਾਂ ਨੂੰ ਸਮਝਈਏ ਕੇ ਧੀਆਂ ਕਰਕੇ ਸੰਸਾਰ ਸੋਹਣਾ ਹੈ।



**ਬਲਜਿੰਦਰ ਕੌਰ ਸ਼ੇਰਗਿੱਲ**
**91-98785-19278**

ਇਹ ਮਾਂ, ਧੀ, ਨੂੰਹ ਬਣ ਇਸ ਜੱਗ ਨੂੰ ਰੁਸ਼ਨਾਉਂਦੀ ਹੈ। ਇਹ ਰੱਖੜੀ ਦਾ ਤਿਉਹਾਰ ਹਰ ਭੈਣ ਤੇ ਵੀਰ ਮਨਾਵੇ। ਹਰ ਇੱਕ ਭੈਣ ਉਸ ਦਿਨ ਬੋਲੇ 'ਬਹਿਨਾ ਨੇ ਭਾਈ ਕੀ ਕਾਲਾਈ ਪੇ ਪਿਆਰ ਬਾਂਧਾ ਹੈ। ਪਿਆਰ ਕੇ ਦੋ ਤਾਰ ਸੇ, ਸੰਸਾਰ ਬਾਂਧਾ ਹੈ।

# ਕਾਲਜ, ਯੂਨੀਵਰਸਿਟੀਆਂ ਵਿੱਚ ਹੁੰਦੀ ਵਿਦਿਆਰਥੀ ਸਿਆਸਤ 'ਤੇ ਕੇਂਦਰਿਤ ਫ਼ਿਲਮ

ਨੌਜਵਾਨ ਹਰੇਕ ਦੇਸ਼ ਦਾ ਸਰਮਾਇਆ ਹੁੰਦੇ ਹਨ। ਫ਼ੈਸ਼ਨ ਹੋਵੇ ਜਾਂ ਫਿਲਮਾਂ ਉਨ੍ਹਾਂ ਦਾ ਕੇਂਦਰ ਹਮੇਸ਼ਾ ਨੌਜਵਾਨ ਹੀ ਬਣਦੇ ਹਨ। ਵਿਆਹਾਂ ਅਤੇ ਕਾਮੇਡੀ ਫ਼ਿਲਮਾਂ ਵਿੱਚ ਉਲਝੇ ਪੰਜਾਬੀ ਸਿਨੇਮੇ ਨੂੰ ਇਹ ਫ਼ਿਲਮ 'ਪਰਿੰਦੇ' ਇਕ ਨਵੀਂ ਦਿਸ਼ਾ ਦੇਵੇਗੀ। ਇਹ ਫ਼ਿਲਮ ਪੰਜਾਬ ਦੇ ਵਿਦਿਆਰਥੀਆਂ ਅਤੇ ਕਾਲਜ, ਯੂਨੀਵਰਸਿਟੀਆਂ ਵਿੱਚ ਹੁੰਦੀ ਵਿਦਿਆਰਥੀ ਸਿਆਸਤ 'ਤੇ ਕੇਂਦਰਿਤ ਫ਼ਿਲਮ ਹੈ। ਇਸ ਫ਼ਿਲਮ ਵਿੱਚ ਪੰਜਾਬੀ ਗਾਇਕ ਤੇ ਅਦਾਕਾਰ ਯੁਵਰਾਜ ਹੰਸ ਅਤੇ ਉਸ ਦੀ ਪਤਨੀ ਮਾਨਸੀ ਯੁਵਰਾਜ ਹੰਸ ਮੁੱਖ ਭੂਮਿਕਾ ਨਿਭਾ ਰਹੇ ਹਨ। ਇਨ੍ਹਾਂ ਦੋਵਾਂ ਤੋਂ ਇਲਾਵਾ ਫ਼ਿਲਮ ਵਿੱਚ ਗਾਇਕ ਹਰਸਿਮਰਨ ਸਿੰਘ, ਸਪਨਾ ਬੱਸੀ, ਗੁਰਲੀਨ ਚੋਪੜਾ, ਨਵਨੀਤ ਨਿਸ਼ਾਨ, ਅਨੀਤਾ ਸ਼ਬਦੀਸ਼, ਗੁਰਪ੍ਰੀਤ ਕੌਰ ਭੰਗੂ, ਹੌਬੀ ਧਾਲੀਵਾਲ, ਅਮਨ ਕੌਤਿਸ਼, ਮਲਕੀਤ ਰੌਣੀ ਅਤੇ ਤਰਸੇਮ ਸਮੇਤ ਹੋਰ ਵੀ ਕਈ ਨਾਮੀਂ ਚਿਹਰੇ ਨਜ਼ਰ ਆਉਣਗੇ। 'ਅਜਬ ਪ੍ਰੋਡਕਸ਼ਨ' ਦੇ ਬੈਨਰ ਹੇਠ



ਬਣੀ ਨਿਰਮਾਤਾ ਬੌਬੀ ਸੱਚਦੇਵਾ ਦੀ ਇਸ ਫ਼ਿਲਮ ਨੂੰ ਫ਼ਿਲਮ ਨਿਰਦੇਸ਼ਕ ਮਨਭਾਵਨ ਸਿੰਘ ਨੇ ਨਿਰਦੇਸ਼ਤ ਕੀਤਾ ਹੈ। ਗੇਲੋ ਅਤੇ ਜੱਦੀ ਸਰਦਾਰ ਤੋਂ ਬਾਅਦ ਬਤੌਰ ਨਿਰਦੇਸ਼ਕ ਮਨਭਾਵਨ ਸਿੰਘ ਦੀ ਇਹ ਤੀਜੀ ਫ਼ਿਲਮ ਹੈ। ਇਸ ਫ਼ਿਲਮ ਦੀ ਕਹਾਣੀ ਵੀ ਮਨਭਾਵਨ ਸਿੰਘ ਨੇ ਨਿਰਮਾਤਾ ਬੌਬੀ ਸਚਦੇਵਾ ਨਾਲ ਮਿਲਕੇ ਲਿਖੀ ਹੈ। ਫਿਲਮ ਦੀ ਕਾਰਜਕਾਰੀ ਨਿਰਮਾਤਾ ਨਿੱਧੀ ਐਮ ਸਿੰਘ ਹੈ। ਫਿਲਮ ਦੇ ਨਿਰਦੇਸ਼ਕ ਮੁਤਾਬਕ ਇਹ ਫ਼ਿਲਮ ਵਿਦਿਆਰਥੀ ਜੀਵਨ ਦੁਆਲੇ ਬੁਣੀ ਗਈ ਫ਼ਿਲਮ ਹੈ। ਜਿਸ ਵਿੱਚ ਕਾਲਜਾਂ, ਯੂਨੀਵਰਸਿਟੀਆਂ ਵਿੱਚ ਹੁੰਦੀ ਰਾਜਨੀਤੀ, ਵਿਦਿਆਰਥੀਆਂ ਦੀ ਆਪਸੀ ਮੁਠਭੇੜ ਅਤੇ ਇਸ ਦਾ ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਤੇ ਪ੍ਰਭਾਵ ਦਿਖਾਇਆ ਗਿਆ ਹੈ। ਫ਼ਿਲਮ 'ਚ ਇਕ ਖ਼ੂਬਸੂਰਤ ਪ੍ਰੇਮ ਕਹਾਣੀ ਵੀ ਹੈ, ਜੋ ਆਮ ਪ੍ਰੇਮ ਕਹਾਣੀਆਂ ਤੋਂ ਬਿਲਕੁਲ ਵੱਖਰੇ ਕਿਸਮ ਦੀ ਹੈ। ਗਾਇਕ ਤੇ ਅਦਾਕਾਰ ਯੁਵਰਾਜ ਹੰਸ ਪਹਿਲੀ ਵਾਰ ਇਕ ਵੱਖਰੇ ਅੰਦਾਜ਼ ਨਜ਼ਰ ਆਵੇਗਾ। ਇਸ ਲੰਮੀ ਫ਼ਿਲਮ ਵਿੱਚ ਸਮਾਜ ਦੇ ਕਈ ਅਹਿਮ ਪਾਤਰ ਵੀ ਨਜ਼ਰ ਆਉਂਣਗੇ ਅਤੇ ਸਿਆਸਤ, ਰਾਜਨੀਤੀ ਅਤੇ ਪੁਲਿਸ ਤੰਤਰ ਦਾ ਆਪਸੀ ਰਿਸ਼ਤਾ ਵੀ ਉਜ਼ਾਗਰ ਹੋਵੇਗਾ। ਫ਼ਿਲਮ 'ਚ ਦੱਸਿਆ ਕਿ ਨੌਜਵਾਨ ਕਿਸੇ ਵੀ ਦੇਸ਼ ਦਾ ਸਰਮਾਇਆ ਹੁੰਦੇ ਹਨ। ਇਨ੍ਹਾਂ ਨੂੰ ਸਹੀ ਦਿਸ਼ਾ ਦੇਣੀ ਬਹੁਤ ਜ਼ਰੂਰੀ ਹੈ। ਵਿਦੇਸ਼ਾਂ ਨੂੰ ਭੱਜੇ ਰਹੇ ਨੌਜਵਾਨਾਂ ਦੀ ਅਜਿਹੀ ਕਿਹੜੀ ਮਜਬੂਰੀ ਹੈ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਹੀ ਦੇਸ਼ ਤੋਂ ਦੂਰ ਕਰ ਰਹੀ ਹੈ। ਇਹ ਵੀ ਫ਼ਿਲਮ ਦੇਖਦਿਆਂ ਮਹਿਸੂਸ ਹੋਵੇਗਾ।

**– ਗੁਰਬਾਜ ਗਿੱਲ 91-98723-62507**

# ਜੀਵਨੀ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ) ਕਾਮਾਗਾਟਾਮਾਰੂ ਸਹਿ- ਨਾਇਕ

ਕਾਮਾਗਾਟਾਮਾਰੂ ਦਾ ਸਹਿ ਨਾਇਕ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ ) ਦੀ ਪੁਸਤਕ 4 ਭਾਗਾਂ ਵਿੱਚ ਹੈ ।

**ਪਹਿਲੇ ਭਾਗ ਵਿੱਚ**

ਜਨਮ ਤੋਂ ਜਵਾਨੀ ਤੱਕ, ਖਾਲਸਾ ਸਕੂਲ ਅੰਮ੍ਰਿਤਸਰ ਵਿੱਚ ਦਾਖਲਾ ਅਤੇ ਭਾਈ ਤਖਤ ਸਿੰਘ ਫਿਰੋਜ਼ਪੁਰ ਦੀ ਸੰਗਤ ਵਿੱਚ ।

**ਦੂਸਰੇ ਭਾਗ ਵਿੱਚ**


ਸਾਕਾ ਕਾਮਾਗਾਟਾਮਾਰੂ , ਦਿੱਲ ਦਿਮਾਗ ਮਜਬੂਤ ਰੱਖੋ, ਜਵਾਬੀ ਪ੍ਰਸਤਾਵ ਆਇਆ, ਬਜਬਜ ਘਾਟ ਦਾ ਸਾਕਾ ਅਤੇ ਸੱਤ ਸਾਲਾ ਗੁਪਤਵਾਸ ਦਲਜੀਤ ਸਿੰਘ ਤੋਂ ਰਾਏ ਸਿੰਘ, ਸੈਂਟਰਲ ਸਿੱਖ ਲੀਗ ਦੀ ਮੈਂਬਰਸ਼ਿਪ ਅਤੇ ਅਤੇ ਜਨਤਕ ਜੀਵਨ ਦਾ ਆਰੰਭ ਬਾਬਾ ਗੁਰਦਿੱਤ ਸਿੰਘ ਜੀ ਦੀ ਗ੍ਰਿਫ਼ਤਾਰੀ।

**ਤੀਸਰੇ ਭਾਗ ਵਿੱਚ**

ਗੁਰਦੁਆਰਾ ਸੁਧਾਰ ਲਹਿਰ ਅਤੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸ਼੍ਰੀ ਮੁਕਤਸਰ ਸਾਹਿਬ ਦਾ ਪੰਥਕ ਦਾ ਪ੍ਰਬੰਧ ਅਤੇ ਸ.ਰਾਏ ਸਿੰਘ ਦੀ ਪਹਿਲੇ ਮੈਨੇਜਰ ਵਜੋਂ ਨਿਯੁਕਤੀ, ਗੁਰ ਕੇ ਬਾਗ ਦਾ ਮੋਰਚਾ ਅਤੇ ਸ.ਰਾਏ ਸਿੰਘ ਦੀ ਗ੍ਰਿਫ਼ਤਾਰੀ, ਜ਼ੁਲਮੀ ਕਥਾ ਪੁਸਤਕ ਦਾ ਪ੍ਰਕਾਸ਼ਨ, ਜੈਤੋ ਦਾ ਮੋਰਚਾ ਅਤੇ ਅਕਾਲੀ ਆਗੂ ਸਾਜਿਸ਼ ਕੇਸ, ਨਾਭਾ ਜੇਲ੍ਹ ਦੀਆਂ ਸਖ਼ਤੀਆਂ।

**ਚੌਥੇ ਭਾਗ ਵਿੱਚ**

ਰਿਹਾਈ ਤੋਂ ਮਗਰੋਂ, ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਬਣਨਾ, ਦੇਸ਼ ਦਰਦੀ ਅਖ਼ਬਾਰ ਸ਼ੁਰੂ ਕਰਨਾ ,ਪਿੰਡ ਵਿੱਚ ਕੰਨਿਆ ਵਿਦਿਆਲਿਆ ਹੋਰ ਸਰਗਰਮੀਆਂ, ਸ. ਸੇਵਾ ਸਿੰਘ ਠੀਕਰੀਵਾਲਾ ਦੀ ਰਿਹਾਈ ਦੇ ਜਤਨ, ਵਿਆਹ ਅਤੇ ਪਰਿਵਾਰਕ ਜੀਵਨ, ਅਕਾਲ ਚਲਾਣਾ ਅਕਾਲੀ ਆਗੂ ਸਾਜਿਸ਼ ਕੇਸ ਵਿੱਚ ਸ. ਰਾਏ ਸਿੰਘ ਦਾ ਲਿਖਤੀ ਬਿਆਨ, ਕਾਮਾਗਾਟਾਮਾਰੂ ਜ਼ਹਾਜ਼ ਦੇ ਯਾਤਰੀਆਂ ਦੀ ਸੂਚੀ, ਕਾਮਾਗਾਟਾ ਮਾਰੂ ਦੇ ਯਾਤਰੀਆਂ ਨਾਲ ਹੋਈ ਬੇਇਨਸਾਫੀ ਲਈ ਮੁਆਫ਼ੀ, ਸਹਾਇਕ ਪੁਸਤਕਾਂ ਦੀ ਸੂਚੀ।




ਕਾਮਾਗਾਟਾਮਾਰੂ ਦੇ ਯਾਤਰੀਆਂ ਨੂੰ ਆਜ਼ਾਦੀ ਸੰਗਰਾਮੀਆਂ ਦਾ ਦਰਜਾ ਦਿਵਾਉਣ ਲਈ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ ਵਲੋਂ ਦਾਇਰ ਜਨ ਹਿਤ ਪਟੀਸ਼ਨ ਦਾ ਫੈਸਲਾ। ਗੁਰਲਾਲ ਸਿੰਘ ਬਰਾੜ ਨੇ ਕਾਮਾਗਾਟਾ ਮਾਰੂ ਦੇ ਸਹਿ ਨਾਇਕ ਭਾਈ ਦਲਜੀਤ ਸਿੰਘ ਦੇ ਇਤਿਹਾਸਕ ਦਸਤਾਵੇਜ਼ ਪਾਠਕਾਂ ਦੇ ਰੂਬਰੂ ਕੀਤਾ ਹੈ ਆਪਣੀ ਇਸ ਵਡ-ਮੁੱਲੀ ਕਿਰਤ ਦੇ ਰੂਪ ਵਿੱਚ ਕੀਤੀ ਗਈ ਹੈ ਇਤਿਹਾਸਕ ਸੇਵਾ ਲਈ ਉਹ ਵਧਾਈ ਦੇ ਹੱਕਦਾਰ ਹਨ।

ਇਤਿਹਾਸ ਨੂੰ ਲਿਖਣਾ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਦੀ ਪੜਚੋਲ ਕਰਨੀ ਬੜਾ ਕਠਿਨ ਕੰਮ ਹੈ ਜਦ ਕੋਈ ਘਟਨਾ ਵਾਪਰਦੀ ਹੈ ਸਾਡੇ ਤੱਕ ਪਹੁੰਚਦਿਆਂ ਬਹੁਤ ਸਮਾਂ ਲੰਘ ਜਾਂਦਾ ਹੈ ।ਜਿਨ੍ਹਾਂ ਸਾਧਨਾਂ ਅਤੇ ਮਾਧਿਅਮਾਂ ਰਾਹੀਂ ਇਹ ਸਾਡੇ ਤੱਕ ਪੁੱਜੇਗੀ, ਉਨ੍ਹਾਂ ਮਾਧਿਅਮਾਂ ਦਾ ਰੰਗ ਉਸ ਉੱਤੇ ਚੜ੍ਹ ਚੁੱਕਾ ਹੋਵੇਗਾ ।ਹੱਥਲੀ ਕਿਤਾਬ ਇਸ ਸੰਦਰਭ ਚ ਪਾਠਕਾਂ ਨੂੰ ਕਈ ਅਹਿਮ ਜਾਣਕਾਰੀਆਂ ਪ੍ਰਧਾਨ ਕਰੇਗੀ ਗੁਰਲਾਲ ਸਿੰਘ ਬਰਾੜ ਉਹਨਾਂ ਲੋਕਾਂ ਵਿਚੋਂ ਹਨ,ਜੋ ਇਤਿਹਾਸਕ ਘਟਨਾਵਾਂ ਦੇ ਤੱਥਾਂ ਇਨੰ- ਬਿੰਨ ਪੇਸ਼ ਕਰਨ ਚ ਵਿਸ਼ਵਾਸ ਰੱਖਦੇ ਹਨ।


ਭਾਈ ਦਲਜੀਤ ਸਿੰਘ ਦੇ ਪਿੰਡ ਕਾਉਣੀ 'ਚ ਜਨਮਿਆ ਗੁਰਲਾਲ ਸਿੰਘ ਬਰਾੜ ਇਤਿਹਾਸ ਅਤੇ ਪੰਜਾਬੀ ਗ੍ਰੈਜੂਏਟ ਹੈ ਧਾਰਮਿਕ ਸਾਹਿਤ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਤੇ ਕਵਿਤਾ ਅਤੇ ਗਜ਼ਲ ਲਿਖਦੇ ਹਨ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਲਈ ਪੂਰੀ ਤਨਦੇਹੀ ਨਾਲ ਕਾਰਜਸ਼ੀਲ ਹਨ, ਕੇਂਦਰ ਸਰਕਾਰ ਦੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਅਧੀਨ ਜਵਾਹਰ ਨਵੋਦਿਆ ਵਿਦਿਆਲਿਆ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪੰਜਾਬੀ ਅਧਿਆਪਕ ਵਜੋਂ ਸੇਵਾਵਾਂ ਨਿਭਾ ਰਹੇ ਹਨ ਗੁਰਲਾਲ ਸਿੰਘ ਬਰਾੜ ਨੇ ਪੁਸਤਕ 'ਕਾਮਾਗਾਟਾ ਮਾਰੂ ਦਾ ਸਹਿ-ਨਾਇਕ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ)' (ਕੀਮਤ: 395 ਰੁਪਏ, ਲੋਕਗੀਤ ਪ੍ਰਕਾਸ਼ਨ ਮੁਹਾਲੀ) ਲਿਖ ਕੇ ਇਸ ਘਾਟ ਨੂੰ ਪੂਰਾ ਕਰਨ ਦਾ ਸ਼ਲਾਘਾਯੋਗ ਯਤਨ ਕੀਤਾ ਹੈ।

**ਅਰਵਿੰਦਰ ਕੌਰ ਸੰਧੂ**
**ਸਿਰਸਾ ਹਰਿਆਣਾ**

## ਸੇਵਾ ਮੁਕਤੀ 'ਤੇ ਵਿਸ਼ੇਸ਼

# ਧਾਰਮਿਕ ਬਿਰਤੀ ਵਾਲਾ ਸਮਾਜ ਸੇਵੀ ਰਾਮ ਪ੍ਰਕਾਸ਼ ਗੁਰਦਿੱਤਪੁਰਾ

ਸਮਾਜ ਸੇਵੀ ਕੰਮਾਂ ਨੂੰ ਪ੍ਰਣੋਇਆ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਉਂਦਾ ਹੋਇਆ ਰਾਮ ਪ੍ਰਕਾਸ਼ ਗੁਰਦਿੱਤਪੁਰਾ ਨਗਰ ਕੌਂਸਲ ਨਾਭਾ ਵਿਖੇ ਬਤੌਰ ਟਿਊਬਵੈੱਲ ਅਪਰੇਟਰ ਦੀ ਤਕਰੀਬਨ 34 ਸਾਲ ਸੇਵਾ ਕਰਕੇ 31 ਜੁਲਾਈ ਨੂੰ ਸੇਵਾ ਮੁਕਤ ਹੋ ਰਿਹਾ ਹੈ। ਉਸ ਦਾ ਜਨਮ ਨਾਭਾ ਤਹਿਸੀਲ ਦੇ ਪਿੰਡ ਗੁਰਦਿੱਤਪੁਰਾ ਵਿਖੇ ਬ੍ਰਾਹਮਣ ਪਰਿਵਾਰ'ਚ ਸਵ: ਸ਼੍ਰੀ ਸ਼ਿਆਮ ਲਾਲ ਦੇ ਘਰ ਮਾਤਾ ਲਾਜਵੰਤੀ ਦੀ ਕੁੱਖੋਂ 14 ਜੁਲਾਈ 1959 ਨੂੰ ਹੋਇਆ। ਉਸ ਨੇ ਮੁੱਢਲੀ ਸਿੱਖਿਆ ਮੈਟ੍ਰਿਕ ਤੱਕ ਆਪਣੇ ਨਾਨਕੇ ਪਿੰਡ ਭਾਈ ਕੇ ਪਿਸ਼ੌਰ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਉਸ ਨੇ ਤਕਨੀਕੀ ਸਿੱਖਿਆ ਪਟਿਆਲਾ ਤੋਂ ਪ੍ਰਾਪਤ ਕੀਤੀ। ਉਸ ਦਾ ਵਿਆਹ ਰਾਮਪੁਰ ਛੰਨਾ ਦੇ ਸਵ: ਸ਼੍ਰੀ ਕੁਲਵੰਤ ਸਿੰਘ ਦੀ ਸਪੁੱਤਰੀ ਬਲਜੀਤ ਕੌਰ ਨਾਲ 1981 'ਚ ਹੋ ਗਿਆ।ਉਸ ਨੇ 11 ਸਤੰਬਰ 1985 ਨੂੰ ਨਗਰ ਕੌਂਸਲ ਨਾਭਾ ਵਿਖੇ ਬਤੌਰ ਟਿਊਬਵੈੱਲ ਅਪਰੇਟਰ ਹਾਜ਼ਰੀ ਦੇ ਕੇ ਸੇਵਾ ਸ਼ੁਰੂ ਕੀਤੀ।ਸਮਾਜ ਸੇਵੀ ਭਾਵਨਾ ਸਦਕਾ ਉਸ ਨੇ ਟੈਕਨੀਕਲ ਮੁਲਾਜ਼ਮਾਂ ਦੀ ਸਮੱਸਿਆਵਾਂ ਨੂੰ ਹੱਲ ਕਰਵਾਉਣ ਵਾਲੀ ਜਥੇਬੰਦੀ 'ਟੈਕਨੀਕਲ ਇੰਪਲਾਈ ਯੂਨੀਅਨ' ਨਾਲ ਜੁੜ ਕੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਲੰਬਾ ਸਮਾਂ ਇਸ ਜਥੇਬੰਦੀ ਦੇ ਪ੍ਰਧਾਨ ਦੇ ਅਹੁਦੇ ਤੇ ਕੰਮ ਕੀਤਾ।ਇਸ ਸਮੇਂ ਦੌਰਾਨ ਉਸ ਨੇ ਮੁਲਾਜ਼ਮਾਂ



ਦੀਆਂ ਅਨੇਕਾਂ ਸਮੱਸਿਆਵਾਂ ਨੂੰ ਹੱਲ ਕਰਵਾਇਆ। ਉਨ੍ਹਾਂ ਨੇ ਆਪਣੀ ਡਿਊਟੀ ਦੇ ਨਾਲ ਬੂਥ ਲੇਵਲ ਅਫਸਰ ਦੀ ਡਿਊਟੀ ਵੀ ਸਫਲਤਾਪੂਰਵਕ ਨਿਭਾਈ ਹੈ। ਰਾਮ ਪ੍ਰਕਾਸ਼ ਦੀ ਜ਼ਿੰਦਗੀ ਸੰਘਰਸ਼ ਭਰੀ ਰਹੀ ।ਪਿਤਾ ਸਿੱਧੇ ਸਾਦੇ ਸੁਭਾਅ ਦੇ ਹੋਣ ਕਾਰਨ ਰਾਮ ਪ੍ਰਕਾਸ਼ ਨੇ ਸਾਂਝੇ ਪਰਿਵਾਰ ਵਿੱਚ ਪਿਤਾ ਦੀਆਂ ਜ਼ਿੰਵਾਰੀਆਂ ਨੂੰ ਨਿਭਾਉਂਦੇ ਹੋਏ ਛੋਟੇ ਭਰਾ, ਪੁੱਤਰ, ਭਤੀਜੇ, ਭਾਣਜੇ ਭਾਵ ਸਾਰਿਆ ਨੂੰ ਵਧੀਆ ਸਿੱਖਿਆ ਦਿਵਾ ਕੇ ਸਰਕਾਰੀ ਨੌਕਰੀਆਂ ਹਾਸਲ ਕਰਵਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਸਕੂ.ਲ ਸਮੇਂ ਕਬੱਡੀ ਦਾ ਵਧੀਆ ਖਿਡਾਰੀ ਹੋਣ ਦੇ ਨਾਤੇ ਕਈ ਵਾਰ ਸਨਮਾਨ ਪ੍ਰਾਪਤ ਕੀਤੇ। ਉਸਦਾ ਨਾਂ ਉਸ ਸਮੇਂ ਦੇ ਵਧੀਆ ਖਿਡਾਰੀਆਂ ਵਿੱਚ ਲਿਆ ਜਾਂਦਾ ਸੀ।ਉਹ ਪਿੰਡ ਗੁਰਦਿੱਤਪੁਰਾ ਦੇ ਵਿਕਾਸ ਕੰਮਾਂ ਵੱਧ ਚੜ੍ਹ ਕੇ ਸਮੂਲੀਅਤ ਕਰਦੇ ਰਹੇ ਹਨ। ਉਨ੍ਹਾਂ ਦਾ ਪਿੰਡ ਦੇ ਸਕੂ.ਲ ਵਿੱਚ ਸ਼ੈੱਡ ਬਣਾਉਣ, ਸਮਸ਼ਾਨ ਘਾਟ 'ਚ ਸ਼ੈੱਡ ਬਣਾਉਣ ਅਤੇ ਮੰਦਰ ਦੀ ਉਸਾਰੀ ਲਈ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਨ੍ਹਾਂ ਦਾ ਸੁਭਾਅ ਮਿਲਣਸਾਰ ਅਤੇ ਨਿੱਘਾ ਹੋਣ ਕਾਰਨ ਹਰੇਕ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਸਤਿਕਾਰ ਮਲੋ ਮੱਲੀ ਬਣ ਜਾਂਦਾ ਹੈ। ਉਹ ਹਿੰਦੂ ਪਰਿਵਾਰ ਵਿੱਚ ਜਨਮ ਲੈਣ ਦੇ ਬਾਵਜੂਦ ਸਿੱਖ ਧਰਮ 'ਚ ਵੀ ਪੂਰੀ ਸ਼ਰਧਾ ਰੱਖਦੇ ਹਨ। ਉਹ ਹਰ ਰੋਜ਼ ਨਿੱਤਨੇਮ ਬਾਣੀਆ ਦਾ ਪਾਠ ਕਰਦੇ ਹਨ।ਉਨ੍ਹਾਂ ਨੂੰ ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਪੂਰਨਮਾਸੀ ਦੀ ਰਾਤ ਨੂੰ ਕਵੀ ਦਰਬਾਰ ਵਿੱਚ ਕਵਿਤਾ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ ਹੈ । ਉਨ੍ਹਾਂ ਦਾ ਇਲਾਕੇ ਵਿੱਚ ਵਧੀਆ ਅਸਰ ਰਸੂਖ ਹੈ।ਨਾਭਾ ਨਗਰ ਕੌਂਸਲ 'ਚ ਹੀ ਸਾਰੀ ਡਿਊਟੀ ਨਿਭਾਉਣ ਕਾਰਨ ਸ਼ਹਿਰ ਦੇ ਪਤਵੰਤੇ ਸ਼ਹਿਰੀਆਂ ਨਾਲ ਵਧੀਆ ਮੇਲ ਮਿਲਾਪ ਹੈ। ਉਨ੍ਹਾਂ ਨੇ ਛੋਟੇ ਭਰਾਵਾਂ ਨੂੰ ਆਪਣੇ ਆਪਣੇ ਪੈਰ੍ਹਾਂ ਤੇ ਖੜ੍ਹੇ ਕਰਨ' ਪੂਰੀ ਮਦਦ ਕੀਤੀ ਹੈ। ਦੋ ਭਰਾ ਖੇਤੀਬਾੜੀ ,ਇੱਕ ਪ੍ਰਾਈਵੇਟ ਨੌਕਰੀ ਅਤੇ ਚਰਨਜੀਤ ਸਿੰਘ ਪਿੰਡ ਹੀ ਸਰਕਾਰੀ ਸਕੂਲ 'ਚ ਬਤੌਰ ਆਰਟ ਕਰਾਫਟ ਟੀਚਰ ਸੇਵਾ ਨਿਭਾ ਰਿਹਾ ਹੈ। ਰਾਮ ਪ੍ਰਕਾਸ਼ ਗੁਰਦਿੱਤਪੁਰਾ ਹੁਣ ਨਾਭਾ ਵਿਖੇ ਆਪਣੀ ਪਤਨੀ, ਬੇਟੇ ਯਾਦਵਿੰਦਰ ਸਿੰਘ (ਸਰਕਾਰੀ ਸਕੂਲ'ਚ ਅੰਗਰੇਜ਼ੀ ਮਾਸਟਰ), ਨੂੰਹ ਰਵਨੀਤ ਕੌਰ (ਪ੍ਰਾਈਵੇਟ ਟੀਚਰ) ਅਤੇ ਪੋਤਰੇ ਫਤਿਹ ਸਿੰਘ ਨਾਲ ਰਹਿ ਰਹੇ ਹਨ। ਉਨ੍ਹਾਂ ਦੀ ਬੇਟੀ ਸਤਵਿੰਦਰ ਕੌਰ ਕੈਨੇਡਾ ਵਿਖੇ ਆਪਣੇ ਪਤੀ ਹਰੀਸ਼ਰਨ ਜੋਸ਼ੀ, ਦੋ ਬੇਟੀਆਂ ਅਤੇ ਇੱਕ ਬੇਟੇ ਨਾਲ ਸੁਖੀ ਜੀਵਨ ਬਤੀਤ ਕਰ ਰਹੀ ਹੈ। ਜਿਸ ਤਰ੍ਹਾਂ ਪ੍ਰਮਾਤਮਾ ਨੇ ਉਨ੍ਹਾਂ ਨੂੰ ਐਨੀਆਂ ਖੁਸ਼ੀਆਂ ਬਖਸ਼ੀਆਂ ਹਨ ਉਸੀ ਤਰ੍ਹਾਂ ਪ੍ਰਮਾਤਮਾ ਆਉਣ ਵਾਲਾ ਸਮਾਂ ਵੀ ਉਨ੍ਹਾਂ ਲਈ ਖੁਸ਼ੀਆਂ ਭਰਪੂਰ ਬਖਸ਼ੇ।



**ਮੇਜਰ ਸਿੰਘ ਨਾਭਾ**
**91-94635-53962**

# ਸੂਟ

ਸੁਣ ਢੋਲਾ ਤੈਨੂੰ ਕਹਿ ਕਹਿ ਥੱਕ ਗਈ ਕਿਉਂ ਲਾਉਣ ਨਿੱਤ ਲਾਰੇ
ਵੇ ਕਾਹਦੀ ਨਾਲ ਵਿਆਹੀ ਤੇਰੇ ਰਹਿ ਗਏ ਚਾਅ ਕੁਆਰੇ
ਦੱਸ ਪਿੱਛੋਂ ਫਿਰ ਮੈਂ ਕੀ ਕਰਨੇ ਜਦੋਂ ਵਰਤ ਗਿਆ ਫਿਰ ਭਾਣਾ
ਮੈਨੂੰ ਨਵਾਂ ਲਿਆਦੇ ਵੇ ਮੱਖਣਾ ਹੋ ਗਿਆ ਸੂਟ ਪੁਰਾਣਾ

ਹੁਣ ਲੋਕਾਂ ਦੇ ਨਿੱਤ ਤਾਅਨੇ ਮੇਹਣੇ ਵੇਖ ਕਿਵੇਂ ਮੈਂ ਜਰਦੀ
ਨਾ ਚੱਜ ਦਾ ਕਦੇ ਹੰਢਾਇਆ ਰਹਿੰਦੀ ਦਿਨੇ ਰਾਤ ਫਿਰ ਮਰਦੀ
ਜੀਅ ਕਰਦਾ ਮੈਂ ਮਰ ਜਾਵਾਂ ਮੇਰਾ ਨਾ ਕੋਈ ਰਿਹਾ ਟਿਕਾਣਾ
ਮੈਨੂੰ ਨਵਾਂ ਲਿਆਦੇ ਵੇ ਰਾਂਝਣਾ ਹੋ ਗਿਆ ...

ਆਂਢ ਗੁਆਂਢੀ ਗੱਲਾਂ ਕਰਦੇ ਗੱਲ ਸਮਝ ਹੁਣ ਆਈ
ਪਿਓ ਦਾਦਾ ਤੇਰਾ ਜੋੜ ਧਰ ਗਿਆ ਖੂਹ ਵਿਚ ਪਵੇ ਕਮਾਈ
ਨਾ ਰੀਸ ਕਿਸੇ ਨੂੰ ਆਈ ਵੇ ਥੋਡਾ ਉੂਤ ਗਿਆ ਸਾਰਾ ਲਾਣਾ
ਮੈਨੂੰ ਨਵਾਂ ਲਿਆਦੇ ਵੇ ਰਾਂਝਣਾ ਹੋ ਗਿਆ ...

ਯਾਦ ਰੱਖੀ ਜਦ ਸ਼ਹਿਰ ਇਕ ਸਿਲਕੀ ਸੂਟ ਲਿਆਵੀ
ਲੈ ਕੇ ਦੂਜਾ ਸੂਟ ਮਰੀਨੇ ਉਤੇ ਬੂਟੀ ਇਕ ਪੁਆਵੀਂ
ਉਮਰ ਉਮਰ ਨਾਲ ਚੰਗੇ ਲੱਗਦੇ ਤੂੰ ਵੀ ਆਪ ਸਿਆਣਾ
ਮੈਨੂੰ ਨਵਾਂ ਲਿਆਦੇ ਵੇ ਰਾਂਝਣਾ ਹੋ ਗਿਆ ...

ਟੌਹਰ ਬਣਾਦੇ ਮੇਰੀ ਤੇ ਫਿਰ ਪਿੰਡ ਪੇਕਿਆਂ ਦੇ ਜਾਊਂਗੀ
ਕਰਨਗੀਆਂ ਜਦ ਸਿਫਤਾਂ ਤੇ ਬੱਸ ਗੁਣ ਤੇਰੇ ਹੀ ਗਾਊਂਗੀ
ਪਹਿਨ ਪੱਚਰੀਏ ਜੱਗ ਭਾਉਂਦਾ ਖਾਈਏ ਮਨਮਰਜ਼ੀ ਦਾ ਖਾਣਾ
ਮੈਨੂੰ ਨਵਾਂ ਲਿਆਦੇ ਵੇ ਰਾਂਝਣਾ ਹੋ ਗਿਆ ...

'ਦੇਵ ਘੋਲੀਏ' ਵਾਲਿਆ ਨਾ ਮੈਂ ਚੀਜ਼ ਕਦੇ ਕੋਈ ਮੰਗੀ
ਵੇਖ ਧੀ ਪੁੱਤ ਰੱਬ ਨੇ ਤੈਨੂੰ ਦਿੱਤੇ ਨਾ ਤੇਰੇ ਘਰ ਤੰਗੀ
ਫਿਰ ਕਰੇ ਕੰਜੂਸੀ ਕਾਹਤੋਂ ਵੇ ਤੂੰ ਏਦਾਂ ਹੀ ਮਰ ਜਾਣਾ
ਮੈਨੂੰ ਨਵਾਂ ਲਿਆਦੇ ਵੇ ਸੋਹਦਿਆ ਹੋ ਗਿਆ ਸੂਟ ਪੁਰਾਣਾ।



**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗਾਇਕ ਮਨੀ ਔਜਲਾ ਨਾਲ ਪੰਜਾਬੀ ਫ਼ਿਲਮ ਕਰਨ ਦੀ ਇੱਛੁਕ ਹਾਂ - ਪ੍ਰਨੀਤੀ ਚੋਪੜਾ

ਬਾਲੀਵੁੱਡ ਵਿਚ ਆਪਣੀ ਚੰਗੀ ਅਦਾਕ-ਾਰੀ ਕਰਕੇ ਚੰਗਾ ਨਾਮਣਾ ਖੱਟਣ ਵਾਲੀ ਅਭਿਨੇਤਰੀ ਪ੍ਰਨੀਤੀ ਚੋਪੜਾ ਨੇ ਪੰਜਾਬੀ ਫ਼ਿਲਮਾਂ ਵਿਚ ਅਭਿਨੈ ਕਰਨ ਲਈ ਇਕ ਵੱਡਾ ਖ਼ੁਲਾਸਾ ਕੀਤਾ ਹੈ। ਚੰਡੀਗੜ੍ਹ ਵਿਖੇ ਆਪਣੀ ਨਵੀਂ ਆ ਰਹੀ ਫ਼ਿਲਮ 'ਜਬਰੀਆ ਜੋੜੀ' ਦੀ ਪ੍ਰਮੋਸ਼ਨ ਮੌਕੇ ਪੁੱਜੀ ਅਭਿਨੇਤਰੀ ਪ੍ਰਨੀਤੀ ਚੋਪੜਾ ਨੇ ਕਿਹਾ ਕਿ ਜਿੱਥੇ ਉਸ ਨੂੰ ਪੰਜਾਬੀ ਗੀਤ ਸੰਗੀਤ ਦੇ ਨਾਲ ਲਗਾਓ ਹੈ ਉੱਥੇ ਉਹ ਪੰਜਾਬੀ ਸਿਨੇਮੇ ਨੂੰ ਮਿਲ ਰਹੇ ਚੰਗੇ ਹੁੰਗਾਰੇ ਤੋਂ ਵੀ ਉਤਸ਼ਾਹਿਤ ਹੈ। ਉਹ 'ਮਾਫ਼ੀਆ ਮੁੰਡੀਰ' ਦੇ ਗਾਇਕ ਰਹੇ ਮਨੀ ਔਜਲਾ ਨਾਲ ਪੰਜਾਬੀ ਫ਼ਿਲਮ ਕਰਨ ਦੀ ਇੱਛੁਕ ਹੈ।

"ਲੇਖਣੀ ਹੈ ਕਿ ਮਨੀ ਗਾਇਕੀ ਦੇ ਨਾਲ ਸੰਗੀਤ ਨਿਰਦੇਸ਼ਨਾਂ 'ਚ ਵੀ ਸਰਗਰਮ ਹੈ। ਖ਼ਾਸ ਕਰਕੇ ਉਸ ਵਲੋਂ ਗਾਏ ਮਰਹੂਮ ਗੀਤਕਾਰ ਪ੍ਰਗਟ ਲਿੱਧੜਾਂ ਵਾਲੇ ਦੇ ਲਿਖੇ ਗੀਤ 'ਫ਼ਸਲਾਂ ਦੇ ਨਾਂਅ ਪੁੱਛਦੀ ਗ਼ੋਰੀ ਲੰਡਨ ਤੋਂ ਆਈ ਲੱਗਦੀ' ਨੂੰ ਅੱਜ ਤਕ



ਯੂ-ਟਿਊਬ 'ਤੇ 1 ਕਰੋੜ 80 ਲੱਖ ਤੋਂ ਵੱਧ ਦਰਸ਼ਕਾਂ ਵਲੋਂ ਵੇਖਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਮਨੀ ਫ਼ਿਲਮ 'ਇਸ਼ਕਾ' 'ਚ ਬਤੌਰ ਸੰਗੀਤ ਡਾਇਰੈਕਟਰ ਵੀ ਸਾਹਮਣੇ ਆਇਆ ਹੈ। ਅਦਾਕਾਰ ਜਿੰਮੀ ਸ਼ੇਰਗਿੱਲ ਤੇ ਅਦਾਕਾਰਾ ਸੁਰਵੀਨ ਚਾਵਲਾ ਦੀ ਫ਼ਿਲਮ 'ਹੀਰੋ ਨਾਮ ਯਾਦ ਰੱਖੀਂ' ਦਾ ਟਾਈਟਲ ਗੀਤ ਵੀ ਮਨੀ ਔਜਲਾ ਨੇ ਸੰਗੀਤ ਬੱਧ ਕੀਤਾ। ਇਸ ਦੇ ਨਾਲ ਮਨੀ ਦੀ ਆਵਾਜ਼ 'ਚ ਗੀਤ 'ਲੰਡਨ', 'ਸ਼ਿਫਤਾਂ', 'ਦਸੰਬਰ', 'ਰੋਕਾ', 'ਬਰੇਕ ਅੱਪ' ਤੋਂ ਇਲਾਵਾ 'ਵਣਜਾਰਾ', 'ਬੁਲਟ','ਕੰਮ ਚਕਵਾਂ', 'ਲੈਕਚਰ-2' ਆਦਿ ਨੂੰ ਵੀ ਸਰੋਤਿਆਂ ਦਾ ਭਰਵਾਂ ਹੁੰਗਾਰਾ



ਮਿਲਿਆ ਹੈ। ਔਜਲਾ ਦੇ 'ਮੇਰੇ ਪਿੰਡ ਦੀਆਂ ਗਲੀਆਂ' ਨਾਮੀ ਸ਼ੋਅ ਵੀ ਪੀ. ਟੀ. ਸੀ. ਪੰਜਾਬੀ 'ਤੇ ਦਰਸ਼ਕਾਂ ਨੂੰ ਕਈ ਮਹੀਨੇ ਲਗਾਤਾਰ ਵੇਖਣ ਨੂੰ ਮਿਲਿਆ ਹੈ।

ਮਨੀ ਔਜਲਾ ਨੇ ਗੱਲ ਕਰਦਿਆਂ ਕਿਹਾ ਕਿ ਉਸ ਨੂੰ ਇਸ ਖੇਤਰ 'ਚ ਨਿਰਮਾਤਾ ਅਨੂਪ ਕੁਮਾਰ ਤੇ ਐਕਮੇ ਟੀਮ ਦੀ ਨਿਰਮਾਤਰੀ ਨਵਜੀਤ ਕੌਰ ਆਦਿ ਦਾ ਵਧੇਰੇ ਸਹਿਯੋਗ ਮਿਲਿਆ ਹੈ। ਉਸ ਨੇ ਇਹ ਦੱਸਦੇ ਹੋਏ ਖ਼ੁਸ਼ੀ ਸਾਂਝੀ ਕੀਤੀ ਕਿ ਜਿੱਥੇ ਉਸ ਨੇ ਭਾਰਤ ਦੇ ਵੱਖ ਵੱਖ ਪ੍ਰਾਂਤਾਂ 'ਚ ਗਾਇਕੀ ਪੇਸ਼ ਕੀਤੀ, ਉੱਥੇ ਕਈ ਵਾਰ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਹਾਂਗਕਾਂਗ ਤੇ ਦਰਜਨ ਵਾਰ ਦੁਬਈ ਤੇ ਦੱਖਣੀ ਅਫ਼ਰੀਕਾ ਦੇ ਮੁਲਕਾਂ ਵਿਚ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕਰਨ ਦਾ ਮੌਕਾ ਮਿਲਿਆ ਹੈ। ਮਨੀ ਔਜਲਾ ਅੱਜ ਕੱਲ੍ਹ ਕੈਨੇਡਾ ਦੀ ਧਰਤੀ 'ਤੇ ਵਿਚਰ ਰਿਹਾ ਹੈ ਤੇ ਉਸ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਉਹ ਬਾਲੀਵੁੱਡ ਟੈਪਟੇਸ਼ਨ ਟੂਰ ਦੌਰਾਨ ਉੱਘੇ ਅਭਿਨੇਤਾ ਸ਼ਾਹਰੁੱਖ਼ ਖ਼ਾਨ, ਅਭਿਨੇਤਰੀ ਮਾਧੁਰੀ ਦੀਕਸ਼ਤ, ਰਾਣਾ ਮੁਖਰਜੀ ਅਤੇ ਅਭਿਨੇਤਰੀ ਜੈਕਲਿਨ ਫਰਨਾਂਡਿਜ਼ ਨਾਲ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦੇ ਵੱਖ ਵੱਖ ਸ਼ਹਿਰਾਂ 'ਚ ਆਯੋਜਿਤ ਸ਼ੋਆਂ ਦਾ ਹਿੱਸਾ ਬਣਿਆ ਹੈ। ਇਸ ਤੋਂ ਇਲਾਵਾ ਉਸ ਨੇ ਪ੍ਰਸਿੱਧ ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ, ਐਮੀ ਵਿਰਕ, ਪ੍ਰੀਤ ਹਰਪਾਲ, ਨਛੱਤਰ ਗਿੱਲ, ਕਮਾਲ ਖਾਨ, ਅਰਸ਼ਦੀਪ ਕੌਰ, ਇੰਦਰਜੀਤ ਨਿੱਕੂ, ਜੱਸੀ ਸੋਹਲ, ਦੀਪ ਢਿੱਲੋਂ, ਜੈਸਮੀਨ, ਸਟਾਈਲਿਸ਼ ਸਿੰਘ, ਦਿਲਪ੍ਰੀਤ ਢਿੱਲੋਂ, ਅਰਮਾਨ ਦਿਲ, ਡੋਲੀ ਸਿੱਧੂ, ਲੱਕੀ ਕੈਨੇਡਾ, ਜੇ. ਟੀ ਅਟਵਾਲ (ਅਮਰੀਕਾ) ਆਦਿ ਦੇ ਗੀਤਾਂ ਨੂੰ ਵੀ ਸੰਗੀਤਬੱਧ ਕੀਤਾ ਹੈ।



**ਪ੍ਰੀਤਮ ਲੁਧਿਆਣਵੀ**
**+91-9876428641**

# Thinking of Buying or Selling a Home? I Can Help!



COMMERCIAL & RESIDENTIAL REAL ESTATE

# JOHN SINGH BANGA

Honest & Experienced Realtor

**916-271-5404**

FOR OVER A TOP PRODUCER 15 YEARS

banga.realtor@gmail.com

www.banga.bhhser.com

CALBRE#01397975 MLS

BERKSHIRE HATHAWAY HomeServices Elite Real Estate

**DO YOU HAVE $3,000? If yes, we can help you buy your own home today using a down-payment assistance loan program.**

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




Liquor Store for Sale
in Citrus Heights
Monthly Gross Sales: $40-45K
Listing Price:$139,900




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




sacramentosmoke
Smoke Shop for Sale in Sacramento
Monthly Gross Sales: $50K
Listing Price: $150,00




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $115,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




Coffee Shop for Sale in Chico
Monthly Gross Sales: $25,000
Listing Price: $150,000



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BH HS BERKSHIRE HATHAWAY Home Services Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

**OFFICE: 7412 ELSIE AVE., SACRAMENTO, CA 95828**


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar Ocean Transport
Kuljit Singh Nijjar White Hawlk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Bopari, Dalbir Bopari Malkit Bopari, Gurdev Bopari
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai
By: Sarai Family
Sponsor of U-25
1st Prize Sponsored by TAKHAR FAMILY in loving memory of Late. Santokh Singh Takhar Apna Punjab & Northern California Club
ਮੁੱਖ ਮਹਿਮਾਨ
ਮੈਨੀ ਗਰੇਵਾਲ
OPENING
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ ਵਾਈਸ ਮੇਅਰ ਫਰੀਮਾਂਟ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਮੰਗੀ ਬੱਗਾ ਪਿੰਡ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸ਼ਪੁਰ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwiner Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
GUEST OF HONOR
Jagir Singh (Subzi Mandi)
Baljit Singh Sandhu
Rana Tutt
Hardumman Singh Grewal (Billa Sanghera)
Pritam Singh
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Uppal Manjit Singh
Pamma deol
Jaswant Singh Hothi
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Super Star Players
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Ravi Sidwan Dona
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gurpreet
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Kevin Sandhu Rurka Kalan
Raju Kotla Bhari
Daljit Shamaspur
Pali Chhanna
Manna Bal Nau
Yada Surkhpur
Sharna Daggo Rumana
Makhan Makhi
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. United Sports Club
3. Metro Sports Club New York 4. Canada Club
ਕੁਮੈਂਟੇਟਰ
ਅੰਡਰ-25 ਟੀਮਾਂ: ਯੂਨਾਈਟਡ ਸਪੋਰਟਸ ਕਲੱਬ, ਯੰਗ ਸਪੋਰਟਸ ਕਲੱਬ
All Kabaddi Lovers are openly Invited
Spectator Have to reach at James Logan High School, International Law of Kabddi will apply, United Sports Club has reserve the right for last decisions.